SATJUG
1920 ਤੋਂ ਸਾਲ 99 ਵਾਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

੧ ਤੋਂ ੧੫ ਜੇਠ ੨੦੭੬
15 To 29 May 2019

ਜਿਲਦ 27
ਨੰਬਰ 8
Total Pages 48

ਪ੍ਰੋ: ਕਿਰਪਾਲ ਸਿੰਘ ਕਸੇਲ 'ਸਿਮਰਤੀ ਅੰਕ'

19 ਮਾਰਚ 2003 ਸ੍ਰੀ ਭੈਣੀ ਸਾਹਿਬ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰੋ. ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ ਰਿਲੀਜ਼ ਕਰਦੇ ਹੋਏ।

Sri Satguru Jagjit Singh Ji Elibrary NamdhariElibrary@gmail.com

17 ਮਾਰਚ 2006 ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ- ਪ੍ਰੋ. ਕਿਰਪਾਲ ਸਿੰਘ ਕਸੇਲ 'ਤਵਾਰੀਖ ਸੰਤ ਖਾਲਸਾ ਭਾਗ-1' ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕਰਦੇ ਹੋਏ ਨਾਲ ਪ੍ਰੋ. ਪ੍ਰੀਤਮ ਸਿੰਘ ਜੀ ਅਤੇ ਸ੍ਰ. ਸਤਿੰਦਰ ਸਿੰਘ ਨੰਦਾ।

19 ਅਗਸਤ 2006 ਦਿੱਲੀ ਵਿਖੇ ਪ੍ਰੋ. ਕਸੇਲ ਜੀ, ਪ੍ਰੋ. ਪੂਰਨ ਸਿੰਘ ਦੀ ਸਮੁੱਚੀ ਅੰਗਰੇਜ਼ੀ ਕਵਿਤਾ ਦਾ ਪੰਜਾਬੀ ਅਨੁਵਾਦ 'ਆਤਮਾ ਦੀ ਕਵਿਤਾ' ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕਰਦੇ ਹੋਏ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਸੇਲ ਜੀ ਨੂੰ 'ਸਾਹਿਤ-ਰਤਨ' ਸਨਮਾਨ ਨਾਲ ਨਿਵਾਜਦੇ ਹੋਏ। 19-3-2003 ਸ੍ਰੀ ਭੈਣੀ ਸਾਹਿਬ ਹੋਲਾ ਮਹੱਲਾ।

Sri Satguru Jagjit Singh Ji Elibrary NamdhariElibrary@gmail.com

ਸਤਿਜੁਗ

੧ ਤੋਂ ੧੫ ਜੇਠ ੨੦੭੬ ਬਿ.
15 ਤੋਂ 29 ਮਈ 2019 ਈ:
ਜਿਲਦ 27, ਵੀਰਵਾਰ ਨੰਬਰ 8

ਸਤਿਜੁਗ:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

Harvendra Singh Hanspal
Suwarn Singh Virk
Gurbhej Singh Guraya
Nishan Singh
Harpal Singh Sewak

Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.

Date of Publication: 29-5-2019,
Date of Posting: 30-31 May 2019
Posted at PSO New Delhi-110001

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat
A/c: 13101450000043
Ifsc code: HDFC0001310
ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ Usd ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$Usd ਡਾਲਰ

Designed and Typeset
Vishav Namdhari sangat, Sri Bhaini sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
70713-63000

ਤਤਕਰਾ

* ਸੰਪਾਦਕੀ-- ਮਾਂ ਬੋਲੀ ਦੀ ਸਾਂਝ
  ਹਰਪਾਲ ਸਿੰਘ ਸੇਵਕ....................4
* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ....................6
* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ 6
* ਮਾਂ ਬੋਲੀ ਦਾ ਅਣਥੱਕ ਸਪੂਤ......
  ਸੁਵਰਨ ਸਿੰਘ ਵਿਰਕ 9
* 'ਪੌਣੀ ਸਦੀ ਦਾ ਸਫ਼ਰ' ਵਿੱਚੋਂ
  ਪ੍ਰੋ. ਕਿਰਪਾਲ ਸਿੰਘ ਕਸੇਲ 11
* ਲਖੇ ਜੋ ਵਿਦਿਆ ਸਾਰ
  ਹਰਪਾਲ ਸਿੰਘ 'ਸੇਵਕ' 20
* ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਦੀਆਂ ਯਾਦਾਂ
  ਡਾ. ਹਰਸ਼ਿੰਦਰ ਕੌਰ ਐਮ.ਡੀ....................23
* ਪ੍ਰੋ. ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ ਵਿੱਚੋ
  ਕੁਝ ਲੇਖਕਾਂ ਦੇ ਪ੍ਰੋ.ਕਸੇਲ ਜੀ ਬਾਰੇ ਵਿਚਾਰ.. 25
* *A Saga Of Sri Satguru Jagjit Singh ji*
  Dr. Sharada Jayagovind....................36
* ਕਾਵਿ ਕਿਆਰੀ 37
* ਅੜਬੰਗੀ (ਨਾਵਲ)
  ਸੰਤ ਇੰਦਰ ਸਿੰਘ ਚੱਕ੍ਰਵਰਤੀ....................38
* ਸੁੱਚੇ ਮੋਤੀ 40
* ਬੱਚਿਆਂ ਦਾ ਪੰਨਾ....................41
* ਖ਼ਬਰਨਾਮਾ....................42

Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ: (1920 ਈ:) ਤੋਂ ਸਥਾਪਿਤ
ਕਲਿਜੁਗ ਮੈਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ।   ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

ਮਾਂ-ਬੋਲੀ ਦੀ ਸਾਂਝ

ਅਟੱਲ ਸੱਚਾਈਆਂ, ਨੀਤੀ-ਬਚਨਾਂ, ਸਦਾਚਾਰ ਅਤੇ ਆਤਮ-ਗਿਆਨ ਦੇ ਭੰਡਾਰ ਗੁਰਬਾਣੀ ਦਾ ਇਕ ਵਾਕ ਹੈ-

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥

ਗੁਣਾਂ ਦੀ ਸਾਂਝ ਕਰੋ, ਔਗੁਣਾਂ ਨੂੰ ਛਡ ਕੇ ਅੱਗੇ ਤੁਰੀ ਜਾਉ। ਗੁਣੀ ਪੁਰਸ਼ਾਂ ਨਾਲ ਸਾਂਝ ਵਧਾਉ, ਮੂਰਖਾਂ ਨਾਲ ਨਾ ਉਲਝੋ। ਇਹੋ ਗੁਰਬਾਣੀ ਦੀ ਮਹਾਨਤਾ ਦਾ ਮੂਲ-ਮੰਤਰ ਸਿੱਧ ਹੋ ਸਕਦਾ ਹੈ, ਜੇ ਇਸਨੂੰ ਜੀਵਨ ਵਿਚ ਅਪਨਾ ਲਿਆ ਜਾਵੇ। ਅਜੇਹਾ ਹੀ ਗੁਣਾਂ ਦੀ ਸਾਂਝ ਦਾ, ਗੁਣੀ ਸੱਜਣਾਂ ਦੀ ਕਦਰ ਕਰਨ, ਗੁਣਾਂ ਦਾ ਆਦਾਨ-ਪਰਦਾਨ ਕਰਨ ਦਾ ਸਹਿਜ ਸੁਭਾਅ ਸੀ, ਸਤਿਗੁਰੂ ਜਗਜੀਤ ਸਿੰਘ ਜੀ ਦਾ; ਸੌ ਵਖਰੇਵੇਂ ਹੁੰਦਿਆਂ ਵੀ ਆਪ ਹਰ ਕਿਸੇ ਨਾਲ ਕੋਈ ਸਾਂਝ ਦੀ ਤੰਦ ਲੱਭ ਹੀ ਲੈਂਦੇ ਸਨ। ਧਰਮ ਦੀ, ਸਿੱਖੀ ਦੀ, ਸੰਗੀਤ ਦੀ, ਮਾਂ ਬੋਲੀ ਦੀ ਸਾਂਝ ਤਾਂ ਪਹਿਲ ਦੇ ਆਧਾਰ ਤੇ ਹੁੰਦੀ ਇਸਤੋਂ ਬਿਨਾ ਖੇਤੀ, ਬਾਗਬਾਨੀ, ਖੇਡਾਂ, ਅਮਨ ਅਤੇ ਸ਼ਾਕਾਹਾਰ ਆਦਿ ਦੀ ਕੋਈ ਨਾ ਕੋਈ ਸਾਂਝ ਦੀ ਤੰਦ ਹਰ ਕਿਸੇ ਗੁਣਵਾਨ ਨਾਲ ਜਾ ਹੀ ਜੁੜਦੀ। ਕਾਮਰੇਡ ਜਿੰਨਾਂ ਨੂੰ ਧਰਮਾਂ ਵਾਲੇ ਨਾਸਤਕ ਕਹਿ ਕੇ ਛੂੰਹਦੇ ਤੱਕ ਨਹੀਂ, ਸਤਿਗੁਰੂ ਜਗਜੀਤ ਸਿੰਘ ਜੀ ਦੀ ਉਨ੍ਹਾਂ ਨਾਲ ਵੀ ਕਿਰਤ ਦੀ ਕਦਰ ਕਰਨ ਅਤੇ ਵਿਸ਼ਵ ਅਮਨ ਦੀ ਪੀਡੀ ਸਾਂਝ ਹੁੰਦੀ ਸੀ।

ਪ੍ਰੋ: ਕਿਰਪਾਲ ਸਿੰਘ ਜੀ ਕਸੇਲ ਦੀ ਨਾਮਧਾਰੀ ਸਮਾਜ ਨਾਲ ਨੇੜਤਾ ਦਾ ਮਾਧਿਅਮ ਵੀ ਮਾਂ-ਬੋਲੀ ਹੀ ਬਣਿਆ। ਮਾਂ-ਬੋਲੀ ਪੰਜਾਬੀ ਨਾਲ ਨਾਮਧਾਰੀ ਸਿੱਖ ਸਮਾਜ ਦੀ ਸਾਂਝ ਮੁੱਢ ਕਦੀਮੀਂ ਹੈ। ਸਤਿਗੁਰੂ ਰਾਮ ਸਿੰਘ ਜੀ ਜਲਾਵਤਨੀ ਦੌਰਾਨ ਰੰਗੂਨ ਤੋਂ ਲਿਖੇ ਹੁਕਮਨਾਮਿਆਂ ਵਿਚ ਵਾਰ-ਵਾਰ ਤਾਕੀਦ ਕਰਦੇ ਹਨ- "ਲੜਕੇ ਲੜਕੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਉਣੇ ਹੋਸ਼ ਆਉਂਦੀ ਦੇ ਨਾਲ।"

ਸਤਿਗੁਰੂ ਜਗਜੀਤ ਸਿੰਘ ਜੀ ਦੇਸ਼ ਭਗਤਾਂ, ਸੰਗੀਤਕਾਰਾਂ, ਸਾਹਿਤਕਾਰਾਂ ਅਤੇ ਗੁਣੀ ਜਨਾਂ ਦੀ ਲੋੜ ਪੈਣ ਤੇ ਸਾਂਭ-ਸੰਭਾਲ ਵੀ ਕਰਦੇ ਸਨ। ਅਜੇਹਾ ਹੀ ਸਬੱਬ ਬਣਿਆ ਕਿ ਜਦੋਂ 1964 ਈ: ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪਤਾ ਲੱਗਿਆ ਕਿ ਪ੍ਰੋ: ਕਸੇਲ ਜੀ ਨੇਤਰਾਂ ਦੀ ਤਕਲੀਫ ਕਰਕੇ ਲੁਧਿਆਣੇ ਸੀ.ਐਮ.ਸੀ. ਹਸਪਤਾਲ ਵਿਚ ਦਾਖਲ ਹਨ। ਆਪ ਜੀ ਉਚੇਚਾ ਪਤਾ ਲੈਣ ਗਏ ਅਤੇ ਫੇਰ ਲਗਾਤਾਰ ਸੁਖ-ਸਾਂਦ ਪੁੱਛਣ ਜਾਂਦੇ ਰਹੇ। ਜਦੋਂ ਵਾਰ-ਵਾਰ ਅੱਖਾਂ ਦੀਆਂ ਬਰੀਕ ਨਾੜਾਂ ਵਿਚ ਖੂਨ ਆਉਣਾ ਬੰਦ ਨਹੀਂ ਸੀ ਹੋ ਰਿਹਾ ਤਾਂ ਕਸੇਲ ਜੀ ਨੂੰ ਆਪਣੇ ਪਾਸ ਜੀਵਨ ਨਗਰ ਰੱਖ ਕੇ ਡਾਕਟਰ ਤਰਲੋਕ ਸਿੰਘ ਜੀ ਤੋਂ ਕੁਦਰਤੀ ਇਲਾਜ ਪੈਥੀ ਦੁਆਰਾ ਇਲਾਜ ਕਰਵਾਇਆ ਤਾਂ ਵਾਰ-ਵਾਰ ਜੋ ਅੱਖਾਂ 'ਚ ਖੂਨ ਆਉਂਦਾ ਸੀ ਉਹ ਬੰਦ ਹੋ ਗਿਆ। ਫੇਰ ਇਹ ਸਾਂਝ ਆਏ ਦਿਨ ਹੋਰ ਅਤੇ ਹੋਰ ਗੂੜੀ ਹੁੰਦੀ ਗਈ। ਸ੍ਰੀ ਐਸ. ਤਰਸੇਮ ਜੀ ਦੇ ਸ਼ਬਦਾਂ ਵਿਚ "ਪ੍ਰੋ. ਕਿਰਪਾਲ ਸਿੰਘ ਕਸੇਲ ਸਾਹਿਤ ਅਲੋਚਨਾ ਵਿਚ ਤਾਂ ਮਾਰਕਸਵਾਦੀ ਬਣਿਆ ਰਿਹਾ, ਪਰ ਉਸ ਦੀ ਜੀਵਨ ਜਾਚ ਭੈਣੀ ਸਾਹਿਬ ਨਾਲ ਜਾ ਜੁੜੀ। ਸਤਿਗੁਰੂ ਜਗਜੀਤ ਸਿੰਘ ਉਸਦੇ ਇਸ਼ਟ ਬਣ ਗਏ। ਹੁਣ ਕੋਈ ਵੀ ਕੰਮ ਦਾ ਸ੍ਰੀ ਗਣੇਸ਼ ਕਰਨਾ ਹੋਵੇ, ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਤੋਂ ਬਿਨਾਂ ਉਸ ਲਈ ਇਹ ਸੰਭਵ ਹੀ ਨਹੀਂ।" ਸ੍ਰੀ ਕਸੇਲ ਜੀ ਦਾ ਨਾਮਧਾਰੀ ਪੰਥ ਨਾਲ ਤਾਣਾ-ਪੇਟਾ ਹੀ ਸਾਂਝ ਦਾ ਬਣ ਗਿਆ- ਗੁਰਸਿੱਖੀ ਦੀ, ਸ਼ਰਧਾ ਅਤੇ ਭਗਤੀ ਦੀ, ਪ੍ਰੇਮ, ਆਸਥਾ ਅਤੇ ਸਮਰਪਣ ਦੀ, ਨਾਮ ਅਤੇ ਬਾਣੀ ਦੀ, ਦੇਸ਼ ਭਗਤੀ ਦੀ ਅਤੇ ਸਭ ਤੋਂ ਪੀਡੀ ਸਾਂਝ ਮਾਂ-ਬੋਲੀ ਪੰਜਾਬੀ ਅਤੇ

Sri Satguru Jagjit Singh Ji Elibrary   NamdhariElibrary@gmail.com

ਪੰਜਾਬੀਅਤ ਦੀ।

ਪ੍ਰੋ: ਕਿਰਪਾਲ ਸਿੰਘ ਜੀ ਕਸੇਲ ਦੇ ਜੀਵਨ ਬਾਰੇ ਉਨ੍ਹਾਂ ਦੀ ਆਪਣੀ ਲਿਖੀ ਪੁਸਤਕ 'ਪੌਣੀ ਸਦੀ ਦੇ ਸਫਰ' ਵਿਚੋਂ ਉਨ੍ਹਾਂ ਦੇ ਸਾਹਿਤਕ ਕਾਰਜਾਂ ਬਾਰੇ, ਨਿੱਜੀ ਵਿਅਕਤੀਤਵ ਅਤੇ ਸੰਘਰਸ਼ਮਈ ਜੀਵਨ ਬਾਰੇ ਵੱਖ-ਵੱਖ ਵਿਦਵਾਨਾਂ ਦੇ ਲੇਖਾਂ ਵਿਚੋਂ ਪਾਠਕਾਂ ਨੂੰ ਇਸ ਅੰਕ ਵਿਚੋਂ ਪੜ੍ਹਨ ਨੂੰ ਮਿਲੇਗਾ। ਜਿਵੇਂ ਆਜ਼ਾਦੀ ਦੇ ਇਤਿਹਾਸ ਵਿਚ ਨਾਮਧਾਰੀ ਸ਼ਹੀਦਾਂ ਅਤੇ ਉਸਤੋਂ ਬਾਦ ਸ. ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਸ਼ਹੀਦ ਊਧਮ ਸਿੰਘ ਵਰਗੇ ਪੰਜਾਬੀ ਸੂਰਮਿਆਂ ਦੇ ਨਾਮ ਇਤਿਹਾਸ ਵਿਚ ਸੂਰਜ ਵੱਤ ਰੌਸ਼ਨ ਹਨ। ਏਸੇ ਤਰ੍ਹਾਂ ਹੀ ਮਾਂ-ਬੋਲੀ ਪੰਜਾਬੀ ਦੀ ਸਥਾਪਤੀ ਅਤੇ ਵਿਕਾਸ ਲਈ ਜੂਝਣ ਵਾਲੇ ਸ. ਗੁਰਬਖਸ਼ ਸਿੰਘ ਪ੍ਰੀਤ ਲੜੀ, ਧਨੀ ਰਾਮ ਚਾਤ੍ਰਿਕ, ਸੰਤ ਸਿੰਘ ਸੇਖੋਂ, ਪ੍ਰੋ. ਪ੍ਰੀਤਮ ਵਰਗੇ ਸਾਹਿਤਕ-ਸੂਰਮਿਆਂ ਵਿਚ ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਨਾਮ ਧਰੂ ਤਾਰੇ ਵਾਂਗ ਚਮਕਦਾ ਰਹੇਗਾ।

ਇਹ ਗਲ ਕੋਈ ਕਰਾਮਾਤ ਤੋਂ ਘੱਟ ਨਹੀਂ ਕਿ ਕਸੇਲ ਜੀ ਨੇ ਸੁਨੇਤ੍ਰ ਹੁੰਦਿਆਂ ਕ੍ਰੀਬ ਇਕ ਦਰਜਨ ਪੁਸਤਕਾਂ ਲਿਖੀਆਂ ਪਰ ਨੇਤ੍ਰ ਜੋਤ ਜਾਣ ਤੋਂ ਬਾਅਦ ਅੰਤਰ ਜੋਤ ਦੇ ਪ੍ਰਕਾਸ਼ ਵਿਚ ਆਪ ਨੇ ਪੰਜ ਦਰਜਨ ਤੋਂ ਵੱਧ ਪੁਸਤਕਾਂ ਮਾਂ-ਬੋਲੀ ਦੀ ਝੋਲੀ ਪਾਈਆਂ ਜੋ ਕਿ ਕ੍ਰੀਬ ਸਾਹਿਤ ਦੀ ਹਰ ਵਿਧਾ ਤੇ ਹਨ। ਪ੍ਰੋ: ਪੂਰਨ ਸਿੰਘ ਦੀ ਸਮੁੱਚੀ ਅੰਗ੍ਰੇਜ਼ੀ ਕਵਿਤਾ ਦਾ ਪੰਜਾਬੀ ਕਵਿਤਾ ਵਿਚ ਅਨੁਵਾਦ ਕਰਕੇ ਆਪ ਪ੍ਰੋ: ਪੂਰਨ ਸਿੰਘ ਨੂੰ 'ਪੰਜਾਬ ਦਾ ਟੈਗੋਰ' ਲਿਖਦੇ ਹਨ ਅਤੇ ਪੰਜਾਬੀ ਸਾਹਿਤਕਾਰ ਕਸੇਲ ਜੀ ਦੇ ਸਾਹਿਤਕ ਕਾਰਜਾਂ ਦਾ ਮੁਲਾਂਕਨ ਕਰਦਿਆਂ ਆਪ ਨੂੰ ਪੰਜਾਬ ਦਾ ਮਿਲਟਨ ਆਖਦੇ ਹਨ। ਕਸੇਲ ਜੀ ਨੇ ਸਮੁੱਚਾ ਨਾਮਧਾਰੀ ਇਤਿਹਾਸ- 'ਤਵਾਰੀਖ ਸੰਤ ਖਾਲਸਾ, ਤਿੰਨ ਭਾਗਾਂ, ਕ੍ਰੀਬ ਛੱਬੀ ਸੌ ਪੰਨਿਆਂ ਵਿਚ ਵਿਸਥਾਰ ਸਹਿਤ ਲਿਖਿਆ। 'ਜੈਸਾ ਸਤਿਗੁਰ ਸੁਣੀਦਾ' ਅਤੇ 'ਚਾਲੀਸਾ ਸਤਿਗੁਰੂ ਜਗਜੀਤ ਸਿੰਘ ਜੀ' ਪ੍ਰਬੰਧ-ਕਾਵਿ ਲਿਖ ਕੇ ਗੁਰੂ ਚਰਨਾਂ ਵਿਚ ਆਪਣੀ ਸ਼ਰਧਾ ਅਰਪਨ ਕੀਤੀ।

ਪ੍ਰੋ: ਕਿਰਪਾਲ ਸਿੰਘ ਜੀ ਕਸੇਲ ਜਿੰਨੇ ਵੱਡੇ ਵਿਦਵਾਨ ਸਨ ਉਸਤੋਂ ਕਿਤੇ ਵੱਧ ਨਿਰਮਾਣ ਸਨ, ਵੱਡਿਆਂ ਦਾ ਸਤਿਕਾਰ, ਛੋਟਿਆਂ ਲਈ ਪਿਆਰ ਅਤੇ ਹਰ ਹਾਲਾਤ ਵਿਚ ਖੁਸ਼ ਰਹਿਣਾ, ਹਮੇਸ਼ਾਂ ਰੁੱਝੇ ਰਹਿਣਾ, ਆਪ ਦਾ ਸਹਿਜ ਸੁਭਾਅ ਸੀ। ਆਪ ਕਦੇ ਕਿਸੇ ਨਾਲ ਬਹਿਸਦੇ ਨਹੀਂ ਵੇਖੇ, ਵਿਵਾਦ ਨਹੀਂ, ਸੰਵਾਦ ਕਰਦੇ ਸਨ। ਹਰ ਨਵੇਂ ਲੇਖਕ ਨੂੰ ਉਤਸ਼ਾਹਿਤ ਕਰਨਾ, ਉਸਦਾ ਮਾਰਗ ਦਰਸ਼ਨ ਕਰਨਾ। ਪਰ ਕਸੇਲ ਜੀ ਵਿਦਵਾਨ, ਸਾਹਿਤਕਾਰ ਹੋਣ ਤੋਂ ਪਹਿਲੋਂ ਨਿਤਨੇਮੀ ਗੁਰਸਿੱਖ ਸਨ। ਆਪ ਦੇ ਹਰ ਦਿਨ ਦੀ ਸ਼ੁਰੂਆਤ ਅੰਮ੍ਰਿਤ ਵੇਲੇ ਸਣੇਕੇਸੀ ਇਸ਼ਨਾਨ ਕਰਕੇ ਨਾਮ ਜਪਦਿਆਂ ਸ਼ੁਰੂ ਹੁੰਦੀ ਸੀ।

ਕਸੇਲ ਜੀ ਦੀ ਭਰਪੂਰ ਇੱਛਾ ਸੀ ਕਿ ਮੈਂ ਜੀਉਂਦੇ ਜੀਅ ਤਵਾਰੀਖ ਸੰਤ ਖਾਲਸਾ ਭਾਗ ਤੀਜਾ ਪੂਰਾ ਕਰਕੇ ਤਿੰਨੇ ਭਾਗ ਇਕੱਠੇ ਸਤਿਗੁਰੂ ਉਦੇ ਸਿੰਘ ਜੀ ਨੂੰ ਭੇਟ ਕਰਕੇ ਸੁਰਖਰੂ ਹੋਵਾਂ ਜੋ ਆਪ ਨੇ ਸਤੰਬਰ 2018 ਨੂੰ ਸ੍ਰੀ ਭੈਣੀ ਸਾਹਿਬ ਇਕ ਵੱਡੇ ਸਮਾਗਮ ਵਿਚ ਸ੍ਰੀ ਸਤਿਗੁਰੂ ਜੀ ਨੂੰ ਤਿੰਨੇ ਭਾਗ ਭੇਟ ਕੀਤੇ। ਪਿਛਲੇ ਕੁਝ ਮਹੀਨਿਆਂ ਤੋਂ ਜਦੋਂ ਵੀ ਕਸੇਲ ਜੀ ਦਾ ਪਤਾ ਲੈਣ ਜਾਣਾ ਤਾਂ ਆਪ ਨੇ ਆਖਣਾ ਕਿ ਮੇਰਾ ਆਖਰੀ ਕਿਰਿਆ ਕਰਮ ਸਤਿਗੁਰਾਂ ਦੀ ਮਰਿਯਾਦਾ ਅਨੁਸਾਰ ਹੋਵੇ, ਤੁਸੀਂ ਆਪ ਆ ਕੇ ਸੰਭਾਲ ਲੈਣਾ। ਅੰਤ 14 ਅਪ੍ਰੈਲ 2019 ਨੂੰ ਪਟਿਆਲੇ ਆਪਣੇ ਨਿਵਾਸ ਵਿਖੇ ਸ਼ਾਮ ਦਾ ਲੰਗਰ ਛਕ ਕੇ, ਕੋਈ ਸੀ- ਹਾਏ ਨਹੀਂ, ਕੋਈ ਤਕਲੀਫ਼ ਨਹੀਂ, ਵੀਲ ਚੇਅਰ ਤੇ ਬੈਠਿਆਂ ਹੀ ਇਕ ਪਾਸੇ ਨੂੰ ਗਰਦਨ ਢਿਲਕ ਗਈ ਤੇ ਕ੍ਰੀਬ 8.30 ਵਜੇ ਆਪਣੀ ਜੀਵਨ ਯਾਤਰਾ ਸੰਪੂਰਨ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬੋਂ ਅਤੇ ਹੋਰ ਨਜਦੀਕੀ ਸੰਗਤਾਂ ਨੇ ਪਟਿਆਲੇ ਜਾ ਕੇ 15 ਅਪ੍ਰੈਲ ਨੂੰ ਕਸੇਲ ਜੀ ਦਾ ਅੰਤਮ ਸਸਕਾਰ ਪੂਰਨ ਗੁਰ-ਮਰਿਯਾਦਾ ਨਾਲ ਕੀਤਾ। ਉਪਰੰਤ 21 ਅਪ੍ਰੈਲ ਨੂੰ ਗੁਰਦੁਆਰਾ ਮੋਤੀ ਬਾਗ ਵਿਖੇ ਭੋਗ ਸਮਾਗਮ ਸਮੇਂ ਵੀ ਨਾਮਧਾਰੀ ਸੰਗਤ ਨੇ ਭਰਪੂਰ ਹਾਜ਼ਰੀ ਭਰੀ।

ਸਤਿਜੁਗ ਦਾ ਇਹ ਵਿਸ਼ੇਸ਼ ਅੰਕ ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਦੀ ਮਹਾਨ ਕਰਨੀ ਨੂੰ ਸਮਰਪਿਤ ਹੈ। ਜੂਨ ਦੇ ਪਹਿਲੇ ਹਫਤੇ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸ੍ਰਿੰਘ ਜੀ ਦੀ ਹਜ਼ੂਰੀ ਵਿਚ ਕਸੇਲ ਜੀ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ।

ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ ਕਸੇਲ ਜੀ ਨੂੰ ਸੱਚਖੰਡ ਆਪਣੇ ਚਰਨ ਕੰਵਲਾਂ 'ਚ ਨਿਵਾਸ ਬਖਸ਼ਣ। ਕਸੇਲ ਜੀ ਦੀਆਂ ਕਾਵਿਕ ਸਤਰਾਂ ਨਾਲ ਹੀ ਸਮਾਪਨ ਕਰਦਾ ਹਾਂ ਅਤੇ ਆਪ ਦੀ ਉੱਚੀ-ਸੁੱਚੀ ਕਰਨੀ ਅੱਗੇ ਸਿਰ ਝੁਕਾਉਂਦਾ ਹਾਂ-

ਜੈਸਾ ਸਤਿਗੁਰ ਜਾਣਿਆ, ਸੋਝੀ ਗੁਰੂ ਸੁਜਾਨ।
ਬਖਸ਼ੀ ਦਾਤ ਜੋ ਕਲਾ ਦੀ, ਕਰ ਦਿੱਤਾ ਬਿਆਨ।
ਗੁਰ ਮਹਿਮਾ ਅਨੰਤ ਹੈ, ਸਤਿਗੁਰ ਦੀਨ ਦਿਆਲ।
ਚਰਨੀ ਮੱਥਾ ਟੇਕਦਾ, ਦਾਸ ਤੇਰਾ ਕ੍ਰਿਪਾਲ।

- ਹਰਪਾਲ ਸਿੰਘ ਸੇਵਕ
ਸ੍ਰੀ ਭੈਣੀ ਸਾਹਿਬ
ਸੰਪ: 94176-01321

Sri Satguru Jagjit Singh Ji Elibrary NamdhariElibrary@gmail.com

ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਸਭਨੂ ਕੁੜੀ ਮੁੰਡੇ ਨੂ ਅਖਰ ਪੜਾਇ ਦੇਣੇ ਗੁਰਮੁਖੀ। ਹੋਰ ਭਾਈ ਤੂ ਜੋ ਲਿਖਾ ਹੈ ਔਗਣਹਾਰ ਹਾ, ਸੋ ਜੀ

'ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰੁ।'

ਭਾਈ ਭਜਨ ਬਾਣੀ ਕਰਕੇ ਏਹੁ ਮੰਗਣਾ-

'ਹੇ ਗੁਰੂ ਬਖਸ ਲੈ। ਤੇਰਾ ਪਤਿਤ ਪਾਵਨ ਵਿਰਦ ਹੈ। ਦੁਖ ਸੁਖ ਮੈ ਵਿਸਰ ਨਾ ਜਾਈ ਗੁਰਮਤਿ ਦਾ ਖੈਰੁ ਪਾਈ ਆਪਣੀ ਦਰਗਾਹੋ। ਮਨਮਤਿ ਤੇ ਰਖ ਲਈ।'

ਹਰਿ ਵੇਲੇ ਏਹੁ ਅਰਜ ਕਰਨੀ। ਅਗੇ ਜੋ ਕਰਤੇ ਪੁਰਖ ਨੂ ਭਾਵੇ।

ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

(ਤਵਾਰੀਖ ਸੰਤ ਖਾਲਸਾ ਭਾਗ-3 ਰਿਲੀਜ਼ ਸਮਾਰੋਹ ਸਮੇਂ)

ਸ੍ਰੀ ਭੈਣੀ ਸਾਹਿਬ- 24 ਜੂਨ 2017

ਸਤਿਕਾਰਯੋਗ ਕਸੇਲ ਜੀ, ਬਾਹਰੋਂ ਆਏ ਵਿਦਵਾਨ ਲਿਖਾਰੀ ਸੱਜਣ ਅਤੇ ਸਤਿਕਾਰਯੋਗ ਸਾਧ ਸੰਗਤ ਜੀ ਇਕ ਵਾਰੀ ਸਾਰੇ ਬੜੇ ਪਿਆਰ ਨਾਲ ਫਿਰ ਯਾਦ ਕਰੀਏ, ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਵਾਸਤੇ ਜਿਸ ਤਰ੍ਹਾਂ ਕਸੇਲ ਜੀ ਨੇ ਹੁਣੇ ਗੱਲ ਕੀਤੀ ਹੈ, ਮੈਂ ਸਮਝਦਾ ਉਹ ਅਵਸਥਾ ਉਹ ਹੋ ਜਾਦੀਂ ਹੈ

"ਜਿਨਿ ਜਨਿ ਅਪਨਾ ਪ੍ਰਭੂ ਪਛਾਤਾ॥
ਸੋ ਜਨੁ ਸਰਬ ਥੋਕ ਕਾ ਦਾਤਾ॥"

ਜਿਨ੍ਹਾਂ ਨੇ ਪ੍ਰਭੂ ਨੂੰ, ਅਕਾਲ ਪੁਰਖ ਨੂੰ ਪਛਾਣ ਲਿਆ ਉਹ ਸਾਰਾ ਕੁਝ ਦੇਣ ਵਾਲਾ ਹੈ, ਉਸਦੇ ਚਰਨੀ ਲੱਗਿਆਂ ਸਾਰਾ ਕੁਝ ਹੀ ਮਿਲ ਜਾਦਾ ਹੈ ਪਰ ਜੇ ਚਰਨੀ ਵਿਸ਼ਵਾਸ਼ ਦੇ ਨਾਲ ਲੱਗਿਆ ਜਾਵੇ ਤੇ ਉਹ ਸਾਡੇ ਸਾਹਮਣੇ ਸਾਰਿਆਂ ਤੋਂ ਵੱਡੀ ਉਧਾਹਰਣ ਕਸੇਲ ਜੀ ਦੀ ਹੈ। ਕਸੇਲ ਜੀ ਦੇ ਬਚਨ ਸੁਣਕੇ ਅਨੰਦ ਆਉਂਦਾ ਹੈ। ਉਹ ਅਨੰਦ ਇਸ ਕਰਕੇ ਆਉਂਦਾ ਹੈ ਕਿ ਉਹਨਾਂ ਦੇ ਅੰਦਰ ਲਿਖਾਰੀ ਪੁਣਾ ਤਾਂ ਬਾਅਦ ਵਿੱਚ ਹੈ ਪਹਿਲਾਂ ਗੁਰਸਿੱਖੀ ਹੈ। ਉਹ ਗੁਰਸਿੱਖੀ ਪ੍ਰੇਮ ਤੋਂ ਬਿਨਾਂ ਨਹੀਂ ਆਉਦੀ, ਉਹਨਾਂ ਦੇ ਅੰਦਰ ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਜੀ ਵਾਸਤੇ ਪਿਆਰ ਹੈ। ਉਹ ਗੁਰਸਿੱਖੀ ਹੈ ਜੇ ਸਾਡੇ

ਅੰਦਰ ਆ ਜਾਵੇ ਬਾਕੀ ਗੱਲਾਂ ਸਭ ਮਗਰ ਆ ਜਾਦੀਆਂ ਹਨ ਅਤੇ ਜਿਹੜਾ ਇਹਨਾਂ ਨੇ ਤਵਾਰੀਖ ਸੰਤ ਖਾਲਸਾ ਲਿਖਿਆ ਹੈ ਉਹ ਵੀ ਇਕ ਪਿਆਰ ਨਾਲ ਲਿਖਿਆ ਹੈ। ਕਸੇਲ ਜੀ, ਮੈਂ ਹਾਲੇ ਪਹਿਲਾ ਭਾਗ ਤਾਂ ਨਹੀਂ ਪੜ ਸਕਿਆ ਪਰ ਮੈਂ ਤੁਹਾਡਾ ਦੂਸਰਾ ਭਾਗ ਪੜਿਆ ਹੈ ਸਤਿਗੁਰੂ ਪ੍ਰਤਾਪ ਸਿੰਘ ਸੱਚੇਪਾਤਸ਼ਾਹ ਜੀ ਵਾਲਾ। ਉਸਦੇ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੋਭਾ, ਉਹਨਾਂ ਦੀ ਜੀਵਨੀ ਤਾਂ ਲਿਖੀ ਹੈ ਉਸਦੇ ਨਾਲ ਨਾਲ ਉਦੋਂ ਪੰਜਾਬ ਦੇ ਹਾਲਾਤ ਕੀ ਸਨ, ਗੁਰਦੁਆਰਿਆਂ ਦੇ ਕੀ ਹਾਲਾਤ ਸੀ, ਗੁਰਦੁਆਰਾ ਸੁਧਾਰ ਲਹਿਰ ਕਿਵੇਂ ਚੱਲੀ ਉਹ ਸਾਰਾ ਹੀ ਚਾਨਣਾ ਹੋ ਜਾਦਾਂ ਹੈ। ਉਸ ਵਿੱਚ ਉਸ ਸਮੇਂ ਦੀ ਕੋਈ ਗੱਲ ਛੱਡੀ ਨਹੀਂ ਜਿਹੜੀ ਇਹਨਾਂ ਨਹੀਂ ਲਿਖੀ ਅਤੇ ਬਹੁਤ ਸਾਰੀਆਂ ਗੱਲਾਂ ਜੋ ਮੈਨੂੰ ਨਹੀਂ ਸੀ ਪਤਾ ਇਹਨਾਂ ਦੀ ਉਹ ਪੁਸਤਕ ਪੜਕੇ ਮੈਨੂੰ ਪਤਾ ਲੱਗਾ ਹੈ।

ਪਹਿਲੀ ਵਾਰੀ ਮੈਂ ਕਸੇਲ ਜੀ ਦਾ ਦਰਸ਼ਨ ਸਾਇਦ 7-8 ਦੀ ਉਮਰ ਵਿੱਚ ਜੀਵਨ ਨਗਰ ਕੀਤਾ ਸੀ ਮੈਨੂੰ ਹੁਣ ਸਾਲ ਯਾਦ ਨਹੀਂ ਹੋਵੇਗਾ 19 66-67 ਦੇ ਕਰੀਬ ਸਤਿਗੁਰੂ ਸੱਚੇਪਾਤਸ਼ਾਹ ਇਹਨਾਂ ਨੂੰ ਲੈ ਕੇ ਆਏ, ਉੱਥੇ ਇਕ ਜਗ੍ਹਾ ਹੁੰਦੀ ਸੀ ਉਸ ਨੂੰ ਵਰਨੀਆਂ ਵਾਲੀ ਜਗ੍ਹਾ ਕਹਿੰਦੇ ਹੁੰਦੇ ਸੀ ਉਥੇ ਇਹਨਾਂ ਦਾ ਡੇਰਾ ਲਵਾਇਆ ਡਾ: ਤ੍ਰਿਲੋਕ ਸਿੰਘ ਜੀ ਹੁੰਦੇ ਸੀ ਜਿਹੜੇ ਨੇਚਰ ਕਿਉਰ ਕਰਦੇ ਹੁੰਦੇ ਸੀ ਉਹਨਾਂ ਨੇ ਕਦੀ ਇਹਨਾ ਨੂੰ ਮਿੱਟੀ ਲੌਣੀ, ਕਦੀ ਪਾਣੀ ਦੇ ਟੱਪ ਚ ਬਠਾਉਣਾ। ਪਰ ਉਸ ਸਮੇਂ ਕੋਈ ਇਹ ਸੋਚ ਵੀ ਨਹੀਂ ਸੀ ਸਕਦਾ ਕਿ ਇਸ ਵਿਦਵਾਨ ਸੱਜਣ ਤੋਂ ਸਤਿਗੁਰੂ ਜੀ ਨੇ ਕੀ ਕੰਮ ਲੈਣਾ ਹੈ? ਪਰ ਹੀਰੇ ਦੀ ਪਛਾਣ ਇਕ ਜੌਹਰੀ ਕਰ ਸਕਦਾ ਹੈ, ਇਹ ਸਤਿਗੁਰੂ ਸੱਚੇਪਾਤਸ਼ਾਹ ਜੀ ਸੋਚ ਸਕਦੇ ਸੀ ਕਿ ਇਹਨਾਂ ਤੋਂ ਕੀ ਸੇਵਾ ਲੈਣੀ ਹੈ।

ਇਹ ਮੈਨੂੰ ਸਮਝ ਨਹੀਂ ਆਉਦੀ ਕਿ ਕੀ Co- Relation ਹੈ ਨਾਮਧਾਰੀਆਂ ਦਾ ਮਾਰਕਸ ਵਾਦੀਆਂ ਨਾਲ, ਕੋਈ ਖਾਸ ਹੀ ਪਿਆਰ ਹੈ ਉਹ ਬੇਸ਼ੱਕ ਕਸੇਲ ਜੀ ਨੇ, ਸਾਡੇ ਵਿਰਕ ਜੀ ਨੇ, ਕਵੀ ਪ੍ਰੀਤਮ ਸਿੰਘ ਜੀ, ਸਰਦਾਰ ਜਗਜੀਤ ਸਿੰਘ ਜੀ ਅਨੰਦ ਸਨ ਉਹਨਾਂ ਸਾਰਿਆ ਨਾਲ ਹੀ। ਪਿੱਛੇ ਜਹੇ ਇਕ ਬੀਬੀ ਪ੍ਰੋਫੈਸਰ ਸ਼ਾਰਦਾ ਆਏ ਉਹਨਾਂ ਨੇ ਅੰਗਰੇਜੀ ਵਿਚ ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਤੇ ਇਕ ਕਿਤਾਬ ਲਿਖੀ ਹੈ। ਗੱਲ ਕਰਦਿਆਂ-ਕਰਦਿਆਂ ਉਹਨਾਂ ਵਿਰਕ ਜੀ ਤੋਂ ਪੁਛਿਆ ਕਿ ਤੁਸੀਂ ਕਾਮਰੇਡ, ਤੁਸੀਂ ਮਾਰਕਸ ਵਾਦੀ ਤੁਸੀਂ ਨਾਮਧਾਰੀਆਂ ਨਾਲ ਕਿਵੇ ਜੁੜ ਗਏ। ਵਿਰਕ ਜੀ ਦਾ ਜਵਾਬ ਬੜਾ ਸੋਹਣਾ ਸੀ ਤੇ ਕਸੇਲ ਜੀ ਨੇ ਵੀ ਉਹੀ ਗੱਲ ਕੀਤੀ ਹੈ। ਵਿਰਕ ਜੀ ਨੇ ਕਿਹਾ ਸੀ ਕਿ ਨਾਮਧਾਰੀ ਵੀ Exploatation (ਸ਼ੋਸ਼ਣ) ਦੇ ਖਿਲਾਫ ਨੇ ਕਿਉਂਕਿ ਉਹ ਅੰਗਰੇਜੀ ਸਮਝਦੇ ਸੀ ਬੀਬੀ ਜੀ ਤੇ ਮਾਰਕਸ ਵਾਦੀ ਵੀ ਇਸ ਚੀਜ ਦੇ ਖਿਲਾਫ ਨੇ ਇਸ ਕਰਕੇ ਬਹੁਤ ਵੱਡੀ ਸਾਂਝ ਹੈ। ਉਹ ਸਾਂਝ ਮੈਂ ਸਮਝਦਾਂ ਕਿ ਸੱਚ ਦੀ ਹੁੰਦੀ ਹੈ। ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਅਕਸਰ ਬਚਨ ਕਰਦੇ ਸੀ ਕਿ ਮੈਨੂੰ ਜਪਾਨ ਵਿਚ ਕਿਸੇ ਨੇ ਪੁੱਛਿਆ ਕਿ ਸਾਰਿਆਂ ਦਾ ਸਾਂਝਾ ਧਰਮ ਕੀ ਹੈ ਤੇ ਸੱਚੇਪਾਤਸ਼ਾਹ ਨੇ ਕਿਹਾ ਕਿ ਸਾਰਿਆਂ ਦਾ ਸਾਂਝਾ ਧਰਮ ਸੱਚ ਹੈ। ਸੱਚ ਇਕ ਉਹੋ ਧਰਮ ਹੈ ਜਿੱਥੋਂ ਨਾ ਮਾਰਕਸ ਵਾਦੀ, ਨਾ ਕਾਮਰੇਡ, ਰੱਬ ਨੂੰ ਨਾ ਮੰਨਣ ਵਾਲਾ ਵੀ ਨਹੀਂ ਭੱਜਦਾ ਕਿਉਂਕਿ ਜਦੋਂ ਅਸੀਂ ਸੱਚ ਦੀ ਗੱਲ ਕਰੀਏ ਉਹ ਇਕ ਰੱਬ ਹੀ ਹੈ ਜਿਹੜਾ ਸੱਚ ਹੈ ਬਾਕੀ ਤਾਂ ਸਾਰਾ ਝੂਠ ਹੈ ਨਾ ਮੈਂ ਰਹਿਣਾ ਹੈ, ਨਾ ਤੁਸੀਂ ਰਹਿਣਾ ਹੈ ਤੇ ਜਦੋਂ ਆਪਾ ਸੱਚ ਨੂੰ ਮੰਨ ਲਿਆ ਤੇ ਉਹ ਆਪਣੀਆਂ ਸਾਰੀਆਂ ਹੀ ਸਾਂਝਾ ਕੱਠੀਆਂ ਹੋ ਜਾਦੀਆਂ ਨੇ।

ਮੈਂ ਸਮਝਦਾ ਹਾਂ ਇਕ ਵਾਰੀ ਬੜੇ ਪਿਆਰ ਨਾਲ ਆਖੀਏ ਧੰਨ ਗੁਰੂ ਨਾਨਕ ਦੇਵ ਸੱਚੇਪਾਤਸ਼ਾਹ, ਇਹ ਉਹਨਾਂ ਦੀ ਮਹਾਨ ਫਿਲਾਸਫੀ ਹੈ ਜਿਨ੍ਹਾਂ ਨੇ ਸਾਨੂੰ ਸੱਚ ਨਾਲ ਜੋੜਿਆ ਹੈ ਉਹਨਾਂ ਦਾ ਕਲੇਵਾ, ਉਹਨਾ ਦੀ ਬੁੱਕਲ ਉਹ ਬਹੁਤ ਵੱਡੀ ਹੈ ਜਿਹਨਾਂ ਵਿਚ ਕੋਈ ਧਰਮਾਂ ਦੇ ਬੰਧਨ ਹੀ ਨਹੀਂ। ਉਥੇ ਸਿਰਫ ਤੇ ਸਿਰਫ ਗੱਲ ਸੱਚ ਦੀ ਹੈ ਇਸ ਕਰਕੇ ਜਦੋਂ ਅਸੀਂ ਗੁਰੂ ਨਾਨਕ ਦੀ ਗੱਲ ਕਰਦੇ ਹਾਂ, ਅਸੀਂ ਗੁਰਬਾਣੀ ਦੀ ਗੱਲ ਕਰਦੇ ਹਾਂ ਉਦੋਂ ਸਾਨੂੰ ਪੰਜਾਬੀ ਨਾਲ ਜੁੜਨਾ ਜਰੂਰੀ ਹੋ ਜਾਦਾਂ ਹੈ ਅਸੀਂ ਕੋਸ਼ਿਸ਼ ਬਹੁਤ ਕਰਦੇ ਹਾਂ ਇੱਥੇ ਕਿਸੇ ਨੇ ਗੱਲ ਕੀਤੀ ਸੀ ਕਿ ਸਕੂਲਾਂ ਵਿਚ ਵੀ ਜੁਰਮਾਨਾ ਲਾਉਦੇ ਨੇ। ਸਕੂਲਾਂ ਵਿਚ

Sri Satguru Jagjit Singh Ji Elibrary NamdhariElibrary@gmail.com

ਜੁਰਮਾਨਾ ਲੌਣ ਦੀ ਗੱਲ ਇਸ ਤਰ੍ਹਾਂ ਹੈ ਕਿ ਸਕੂਲ ਕੀ ਨੇ, ਸਕੂਲ ਇਕ ਦੁਕਾਨਦਾਰੀਆਂ ਨੇ ਜਿਸ ਤਰ੍ਹਾਂ ਦਾ ਅਸੀਂ ਉਹਨਾਂ ਸਕੂਲਾਂ ਨੂੰ ਬਣਾਉਣਾ ਚਾਹੁੰਦੇ ਹਾਂ ਉਸ ਤਰ੍ਹਾਂ ਦੇ ਉਹ ਸਕੂਲ ਬਣਦੇ ਨੇ। ਅਸੀਂ ਇਹ ਪਸੰਦ ਕਰਦੇ ਹਾਂ ਕਿ ਸਾਡਾ ਬੱਚਾ ਪੰਜਾਬੀ ਨਾ ਬੋਲੇ ਕਿਉਂਕਿ ਸਾਨੂੰ ਪੰਜਾਬੀ ਹੋਣ ਦਾ ਮਾਣ ਨਹੀਂ। ਮੈਂ ਬੜੇ ਪਰਿਵਾਰ ਦੇਖਦਾ ਹਾਂ, ਕਈ ਵਾਰੀ ਸੰਗ ਵੀ ਆਉਂਦੀ ਹੈ ਬੜਾ ਅਜੀਬ ਲਗਦਾ ਕਿ ਬੜੇ ਪਰਿਵਾਰਾਂ ਦੇ ਬੱਚੇ ਪੰਜਾਬੀ ਨਹੀਂ ਬੋਲਦੇ ਉਹਨਾਂ ਦੇ ਮਾਪੇ ਪੰਜਾਬੀ ਬੋਲਦੇ ਨੇ ਮੈਂ ਘੜੀ ਮੁੜੀ ਪੰਜਾਬੀ ਬੋਲਾਂਗਾ ਉਹ ਬੱਚੇ ਮੈਨੂੰ ਹਿੰਦੀ ਵਿਚ ਜਵਾਬ ਦੇਣਗੇ। ਕੋਈ ਇਹੋ ਜਿਹਾ ਮਹੌਲ ਬਣ ਗਿਆ ਹੈ, ਅਸੀਂ ਪੰਜਾਬੀਆਂ ਨੇ ਹੀ ਬਣਾ ਲਿਆ ਹੈ ਅਸੀਂ ਪੰਜਾਬੀ ਬੋਲਣ ਵਾਲਿਆਂ ਨੂੰ ਅਨਪੜ੍ਹ ਸਮਝਣ ਲੱਗ ਗਏ ਹਾਂ। ਮੈ ਸਾਊਥ ਵਿਚ ਰਹਿ ਕੇ ਦੇਖਿਆ ਹੈ ਜੇ ਤੁਸੀਂ ਤਾਮਿਲੀਅਨਜ ਨੂੰ ਦੇਖੋ, ਉਹਨਾਂ ਨੂੰ ਆਪਣੀ ਜੁਬਾਨ ਤੇ ਮਾਣ ਹੈ। ਜੇ ਤੁਸੀਂ ਕੰਨੜਜ਼ ਨੂੰ ਦੇਖੋ ਉਹਨਾਂ ਨੂੰ ਆਪਣੀ ਜੁਬਾਨ ਤੇ ਮਾਣ ਹੈ। ਪੰਜਾਬੀ ਵਰਗੀ ਕੋਈ ਜੁਬਾਨ ਨਹੀਂ ਕਿਉਂਕਿ ਸਾਨੂੰ ਪੰਜਾਬੀ ਬੋਲਣ ਦਾ ਜੋ ਅਨੰਦ ਆਉਂਦਾ ਹੈ ਪਰ ਉਸ ਤੋਂ ਉੱਤੇ ਜੋ ਸਾਡੇ ਸੱਚੇਪਾਤਸ਼ਾਹ ਦੀ ਗੁਰਬਾਣੀ ਹੈ, ਬਹੁਤ ਕੁਝ ਪੜ੍ਹ ਕੇ, ਬਹੁਤ ਕੁਝ ਵੇਖ ਲਿਆ ਹੈ, ਤੁਹਾਨੂੰ ਜੋ ਗੁਰਬਾਣੀ ਚੋਂ ਮਿਲਦਾ ਹੈ ਉਹ ਕਿਤੋਂ ਨਹੀਂ ਮਿਲਦਾ। ਜੇ ਤੁਸੀਂ ਜੀਵਨ ਜਾਚ ਸਿੱਖਣੀ ਹੈ, ਜੇ ਕਿਸੇ ਨੇ ਸੁੱਖ ਲੈਣਾ ਹੈ ਉਸ ਤੋਂ ਬਿਨਾਂ ਕਿਤੇ ਨਹੀਂ ਮਿਲਦਾ।

ਇਸ ਕਰਕੇ ਮੈਂ ਸਮਝਦਾ ਹਾਂ ਜਿਹੜੀ ਕਸੇਲ ਜੀ ਤੇ ਵੀ ਕਿਰਪਾ ਹੋਈ ਉਹ ਸਾਰਾ ਕੁਝ ਵਿਚ ਆ ਜਾਂਦਾ ਹੈ। ਜਦੋਂ ਗੁਰਸਿੱਖੀ ਆ ਗਈ, ਜਦੋਂ ਉਹ ਨਾਮ ਨਾਲ ਜੁੜ ਗਏ, ਸਾਡੇ ਕਿਨਿਆਂ ਤੇ ਕਿਰਪਾ ਹੋਈ ਹੈ ਸਮੇਤ ਮੇਰੇ ਜਿਹੜੇ ਅਸੀਂ ਢਾਈ ਵਜੇ ਉੱਠ ਸਕੀਏ? ਉਹ ਮਹਾਨ ਕਿਰਪਾ ਹੈ, ਉਹ ਗੁਰਸਿੱਖੀ ਵਾਲੀ ਜੋ ਕਸੇਲ ਜੀ ਅੰਮ੍ਰਿਤ ਵੇਲੇ ਢਾਈ-ਤਿੰਨ ਵਜੇ ਉੱਠਕੇ ਇਸ਼ਨਾਨ ਕਰਕੇ ਨਾਮ ਜੱਪਦੇ ਹਨ। ਪਰ ਇਹ ਨੇਤਰਹੀਣ ਹੁੰਦਿਆਂ ਹੋਇਆਂ ਉਹਨਾਂ ਨੂੰ ਸੱਚੇ ਪਾਤਸ਼ਾਹ ਨੇ ਉਹ ਨੇਤਰ ਦਿੱਤੇ ਕਿ ਉਹਨਾਂ ਨੇ 60-70 ਕਿਤਾਬਾਂ ਲਿਖ ਲਈਆਂ। ਸਾਡੇ ਵਰਗਿਆਂ ਲਈ, ਇਕ ਕਿਤਾਬ ਕੀ, ਇਕ ਲੇਖ ਲਿਖਣਾ ਵੀ ਮੁਸ਼ਕਲ ਹੋ ਜਾਂਦਾ ਹੈ। ਉਹ ਸਾਰਾ ਕੁਝ ਲਿਖ ਕੇ ਫਿਰ ਨਿਰਮਾਣਤਾ ਕਿੰਨੀ ਹੈ, ਉਹ ਨਿਰਮਾਣਤਾ ਗੁਰਸਿੱਖੀ ਕਰਕੇ ਹੈ। ਪਰ ਉਹ ਵਿਦਵਤਾ ਦਾ ਸਵਾਦ ਨਹੀਂ ਆਉਂਦਾ ਜਦੋਂ ਵਿਦਵਤਾ ਦੇ ਵਿਚ ਹੰਕਾਰ ਆ ਜਾਵੇ, ਵਿਦਵਤਾ ਦੇ ਵਿਚ ਲਾਲਚ ਆ ਜਾਵੇ। ਕਸੇਲ ਜੀ ਉਹ ਵਿਦਵਾਨ ਨੇ ਜਿਹਨਾਂ ਦੇ ਨੇੜੇ ਤੱਕ ਨਾ ਲਾਲਚ ਗਿਆ ਹੈ ਤੇ ਨਾ ਹੰਕਾਰ। ਉਹ ਵਿਦਵਾਨ ਹੁੰਦੇ ਹੋਏ ਇਕ ਗੁਰਸਿੱਖ ਨੇ, ਫਕੀਰ ਨੇ। ਇਹ ਸਤਿਗੁਰੂ ਸੱਚੇ ਪਾਤਸ਼ਾਹ ਦੇ ਲੜ ਲੱਗ ਕੇ ਉਹਨਾਂ ਤੇ ਕਿਰਪਾ ਹੋਈ ਹੈ।

ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਅਕਸਰ ਬਚਨ ਕਰਿਆ ਕਰਦੇ ਸੀ ਤੁਸੀਂ ਇੰਨਜੀਨੀਅਰ ਬਣੋ, ਤੁਸੀਂ ਡਾਕਟਰ ਬਣੋ ਭਾਵੇਂ ਐਮ.ਐਲ.ਏ., ਮਨਿਸਟਰ ਬਣ ਜਾਵੋ ਪਰ ਗੁਰਸਿੱਖ ਪਹਿਲਾਂ ਬਣੋ। ਉਹ ਗੁਰਸਿੱਖ ਬਣਨ ਦਾ ਇਕ ਅਨੰਦ ਆਉਂਦਾ ਹੈ, ਕਸੇਲ ਜੀ ਦੀਆਂ ਗੱਲਾਂ ਸੁਣ ਕੇ ਹੀ ਅਨੰਦ ਆਉਂਦ ਹੈ, ਕਿਉਂਕਿ ਅੰਦਰ ਉਹ ਸਿੱਖੀ ਹੈ, ਉਸ ਸਿੱਖੀ ਦੇ ਨਾਲ ਨਿਰਮਾਣਤਾ ਹੈ। ਨਹੀਂ ਤੇ ਬਹੁਤ ਡਾਕਟਰ ਦੇਖਦੇ ਹਾਂ, ਬਹੁਤ ਪੈਸਾ ਆ ਜਾਂਦਾ ਹੈ, ਬਹੁਤ ਕੁਰਸੀਆਂ ਆ ਜਾਂਦੀਆਂ ਨੇ ਪਰ ਮਨ ਦੇ ਅੰਦਰ ਸ਼ਾਂਤੀ ਨਹੀਂ, ਅਨੰਦ ਨਹੀਂ ਆਉਂਦਾ। ਉਹ ਅਨੰਦ ਉਦੋਂ ਹੀ ਆਉਂਦਾ ਹੈ ਜਦੋਂ ਗੁਰਸਿੱਖੀ ਆਉਂਦੀ ਹੈ। ਕਸੇਲ ਜੀ ਦੀਆਂ ਗੱਲਾਂ ਸੁਣਕੇ ਉਹ ਅਨੰਦ ਦੀ ਇਕ ਅਨਭੂਤੀ ਹੁੰਦੀ ਹੈ। ਮੈਂ ਐਨੀ ਗੱਲ ਕਰਕੇ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ।

ਮਾਂ ਬੋਲੀ ਦਾ ਅਣਥੱਕ ਸਪੂਤ
ਪ੍ਰੋ. ਕਿਰਪਾਲ ਸਿੰਘ ਕਸੇਲ

✍- ਸੁਵਰਨ ਸਿੰਘ ਵਿਰਕ

ਪੰਜਾਬੀ ਸਾਹਿਤ ਜਗਤ ਵਿਚ ਪ੍ਰੋ.ਕਿਰਪਾਲ ਸਿੰਘ ਕਸੇਲ ਦਾ ਨਾਮ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਦਸਵੇਂ ਦਹਾਕੇ ਦੇ ਤੀਜੇ ਵਰ੍ਹੇ ਨੂੰ ਛੋਹ ਕੇ, ਜੀਵਨ ਯਾਤਰਾ ਮੁਕਾਉਣ ਵਾਲੇ ਕਸੇਲ ਜੀ ਨੇ ਸੱਤਰ ਵਰ੍ਹੇ, ਪੰਜਾਬੀ ਮਾਤ ਭਾਸ਼ਾ ਦਾ ਭੰਡਾਰ ਭਰਨ ਦੇ ਲੇਖੇ ਲਾਏ। ਬਹੁਤਿਆਂ ਲਈ ਪ੍ਰੇਰਣਾ ਮਈ, ਉਹਨਾਂ ਦੇ ਜੀਵਨ ਸਫਰ ਦੀ ਗਾਥਾ ਬੜੀ ਵਚਿੱਤਰ ਅਤੇ ਜੱਦੋ ਜਹਿਦ ਭਰਪੂਰ ਹੈ। ਇਕ ਢਾਈ ਮਹੀਨੇ ਦੇ ਪੰਘੂੜੇ ਵਿਚ ਲੇਟੇ ਬਾਲ ਦੇ ਸਿਰੋਂ ਬਾਪ ਦਾ ਸਾਇਆ ਉੱਠ ਜਾਏ ਤਾਂ ਨਿਗੂਣੀ ਜਿਹੀ ਪੈਨਸ਼ਨ ਅਤੇ ਛੋਟੇ ਕਿਸਾਨ ਪਰਿਵਾਰ ਨਾਲ ਸਬੰਧਿਤ ਵਿਧਵਾ ਔਰਤ ਦੀ ਆਪਣੇ ਬਾਲ ਨੂੰ ਪੈਰਾਂ ਸਿਰ ਕਰਨ ਲਈ ਘਾਲੀ ਘਾਲਣਾ ਅੱਗੇ, ਹਰ ਕਿਸੇ ਦਾ ਸਿਰ ਝੁਕਣ ਲਈ ਮਜ਼ਬੂਰ ਹੁੰਦਾ ਹੈ। ਆਪਣੀ ਮਾਤਾ ਮਹਿੰਦਰ ਕੌਰ ਤੋਂ ਹਰ ਤਰ੍ਹਾਂ ਦੀਆਂ ਮੁਸ਼ਕਿਲਾਂ ਅਤੇ ਟੇਢੇ ਹਾਲਾਤ ਵਿਚ ਵੀ ਸਿਰ ਉੱਚਾ ਕਰਕੇ ਤੁਰਨ ਦੀ ਜੀਵਨ ਜਾਚ, ਕਸੇਲ ਹੋਰਾਂ ਨੂੰ ਵਿਰਸੇ ਵਿਚ ਮਿਲੀ ਸੀ। ਇਸੇ ਦਾਤ ਸਦਕਾ, ਕੁਦਰਤ ਵੱਲੋਂ ਬਚਪਨ ਤੋਂ ਲੈਕੇ ਬੁਢਾਪੇ ਤੱਕ ਉਹਨਾਂ ਨਾਲ ਹੋਏ ਕੌੜੇ ਮਜ਼ਾਕਾਂ ਦਾ ਟਾਕਰਾ, ਉਹ ਲੱਕ ਬੰਨ੍ਹ ਕੇ ਕਰ ਸਕੇ ਸਨ।

ਕਸੇਲ ਜੀ ਗੁਰੂਆਂ ਦੀ ਚਰਨ ਛੋਹ ਨਾਲ ਵਰੋਸਾਈ ਅਤੇ ਸ਼ਹੀਦਾਂ ਦੀ ਰੱਤ ਨਾਲ ਸਿੰਜੀ ਮਾਝੇ ਦੀ ਜ਼ਰਖੇਜ਼ ਮਿੱਟੀ ਵਿਚੋਂ ਉਗਮੇ ਸਨ। ਟੁੱਟੀ ਗੰਢਾਉਣ ਲਈ ਪ੍ਰੇਰਣਾ ਸਰੋਤ ਬਣੀ ਮਾਈ ਭਾਗੋ ਅਤੇ ਬਦੇਸ਼ਾਂ ਵਿਚ ਗ਼ਦਰ ਪਾਰਟੀ ਬਣਾ ਕੇ ਦੇਸ਼ ਆਜ਼ਾਦੀ ਅਤੇ ਫਿਰ ਸਮਤਾ ਮੂਲਕ ਸਮਾਜ ਦੀ ਕਾਇਮੀ ਲਈ ਜੂਝਣ ਵਾਲੇ, ਗ਼ਦਰੀ ਬਾਬਿਆਂ ਦਾ ਥਾਪੜਾ ਉਹਨਾਂ ਦੀ ਕੰਡ ਤੇ ਸੀ। ਕਸੇਲ ਪਿੰਡ ਨੇ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਭਰਪੂਰ ਯੋਗਦਾਨ ਪਾਇਆ। ਮਾਸਟਰ ਊਧਮ ਸਿੰਘ ਕਸੇਲ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਵਿਚ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿਚ ਰਹਿੰਦੇ ਰਹੇ ਸਨ ਅਤੇ ਇਕ ਵੇਰ ਇਧਰ ਜਾਂਦੇ ਹੋਏ ਰਸਤੇ ਵਿਚ ਸ਼ਹੀਦ ਹੋ ਗਏ ਸਨ। ਕਸੇਲ ਜੀ ਦਾ ਸਕਾ ਤਾਇਆ ਹਰਨਾਮ ਸਿੰਘ ਕਸੇਲ ਗਦਰ ਪਾਰਟੀ ਵਿਚ ਸਰਗਰਮ ਹੋਕੇ ਚੀਨ ਦੇ ਮੁਕਤੀ ਯੁੱਧ ਵਿਚ ਜੂਝਿਆ, ਇਨਕਲਾਬੀ ਵਿਦਿਆ ਲਈ ਮਾਸਕੋ ਰਿਹਾ, ਕਿਸਾਨ ਅੰਦੋਲਨ ਅਤੇ ਸੁਤੰਤਰਤਾ ਸੰਗਰਾਮ ਦਾ ਭਾਗ ਬਣਿਆ।

ਆਪਣੇ ਇਸੇ ਤਾਏ ਹਰਨਾਮ ਸਿੰਘ ਤੋਂ ਅਗਾਂਹ ਵਧੂ ਤੇ ਲੋਕ ਹਿਤਕਾਰੀ ਚੇਤਨਾ ਤੇ ਸੁਤੰਤਰ ਸੋਚ ਗ੍ਰਹਿਣ ਕਰਕੇ, ਉੱਚ ਵਿਦਿਆ ਹਾਸਲ ਕਰਨ ਵਾਲੇ ਪ੍ਰੋ. ਕਸੇਲ ਨੇ ਭਾਂਵੇਂ ਉੱਨਤੀ ਦੀਆਂ ਮਹਾਨ ਚੋਟੀਆਂ ਨੂੰ ਛੋਹਿਆ ਸੀ ਪਰ ਉਹਨਾਂ ਦੇ ਪੈਰ ਹਮੇਸ਼ਾਂ ਧਰਤੀ ਤੇ ਰਹੇ ਸਨ। ਮਿਹਨਤ, ਸੰਜਮ, ਈਮਾਨਦਾਰੀ, ਸਾਦਗੀ, ਪ੍ਰੇਮ ਅਤੇ ਪਾਰਦਰਸ਼ਤਾ ਜਿਹੇ ਦੈਵੀ ਗੁਣਾਂ ਨਾਲ ਭਰਪੂਰ ਇਸ.ਸਾਊ ਸ਼ਖਸ਼ੀਅਤ ਦੇ ਸਿਰ ਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਰਦ ਹਸਤ ਅੱਧੀ ਸਦੀ ਤੋਂ ਵੱਧ ਸਮਾਂ ਰਿਹਾ। ਉਹਨਾਂ ਨੇ ਕੁਝ ਲੇਖਕ ਸੰਮੇਲਨਾਂ ਅਤੇ ਅਮਨ ਕਾਨਫਰੰਸਾਂ ਸਮੇਂ, ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਵੀ ਕੀਤੇ ਸਨ। ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੀ ਕਸੇਲ ਜੀ ਨੂੰ ਉਹਨਾਂ ਦੇ ਪਟਿਆਲਾ ਸਥਿੱਤ ਨਿਵਾਸ ਅਸਥਾਨ ਤੇ ਦਰਸ਼ਨ ਦੇ ਕੇ ਨਿਵਾਜ ਦੇ ਰਹੇ। ਕੋਈ ਪੌਣਾਂ ਸੈਂਕੜਾ ਪੁਸਤਕਾਂ ਦੇ ਲੇਖਕ ਇਸ ਆਧੁਨਿਕ ਰਿਸ਼ੀ ਨੂੰ ਅਸੀਂ ਵਿਗਿਆਨਕ ਯਥਾਰਥਵਾਦ ਦੇ ਯੁੱਗ ਬੋਧ ਨਾਲ ਲੈੱਸ ਦ੍ਰਿਸ਼ਟੀ ਦੇ ਸੁਆਮੀ ਵਜੋਂ ਜਾਣਦੇ ਸਾਂ।

ਪੰਜਾਬੀ ਦੀ ਨਵੀਂ-ਨਵੀਂ ਪੜ੍ਹਾਈ ਜਾਣ ਵਾਲੀ ਐਮ.ਏ. ਦੀ ਜਮਾਤ, ਆਪ ਨੇ ਸਭ ਤੋਂ ਵੱਧ ਅੰਕਾਂ ਨਾਲ ਪਾਸ ਕੀਤੀ। ਇਸ ਤੋਂ ਬਾਅਦ ਉਹ ਪੰਜਾਬੀ ਅਧਿਆਪਨ ਵਿਚ ਜੀ ਜਾਨ ਨਾਲ ਜੁੱਟ ਗਏ। ਐਮ.ਏ. ਦੇ ਵਿਦਿਆਰਥੀਆਂ ਨੂੰ ਵਿਦਾਇਗੀ ਭਾਸ਼ਣ ਦੇਣ ਸਮੇਂ ਆਪ ਦੇ ਅਧਿਆਪਕ, ਪ੍ਰੋ. ਸੰਤ ਸਿੰਘ ਸੇਖੋਂ ਨੇ ਪੰਜਾਬੀ ਭਾਸ਼ਾ ਨੂੰ ਸਰਕਾਰੇ ਦਰਬਾਰੇ ਬਣਦਾ ਸਥਾਨ ਦਿਵਾਉਣ ਅਤੇ ਇਸ ਦੀ ਭਾਸ਼ਾਈ ਸਮਰੱਥਾ ਵਿਚ ਲਗਾਤਾਰ ਵਾਧਾ ਕਰਨ ਲਈ, ਤਾਅ ਜੀਵਨ ਕੰਮ ਕਰਨ ਲਈ ਆਖਿਆ। ਉਸਤਾਦ ਦੇ ਇਹਨਾਂ ਬਚਨਾਂ ਤੇ ਉਸਦੇ 'ਸ਼ਾਗਿਰਦੇ-ਆਜ਼ਮ' ਨੇ ਅੰਤਿਮ ਸੁਆਸਾਂ ਤੱਕ ਦ੍ਰਿੜਤਾ ਨਾਲ ਪਹਿਰਾ ਦਿੱਤਾ। ਮਾਂ ਬੋਲੀ ਦੇ ਹੱਕਾਂ ਦੀ ਰਾਖੀ ਲਈ ਲੱਗਣ ਵਾਲੇ ਧਰਨੇ ਮੁਜ਼ਾਹਰਿਆਂ ਵਿਚ, ਸਰੀਰਕ ਅਪੰਗਤਾ ਦੀ ਪ੍ਰਵਾਹ ਨਾਂ ਕਰਦਿਆਂ ਪੁੱਜਦੇ ਰਹੇ ਅਤੇ ਵਰਦੀ

Sri Satguru Jagjit Singh Ji Elibrary NamdhariElibrary@gmail.com

ਧਾਰੀਆਂ ਦੀ ਧੂਹ ਘੜੀਸ ਵੀ ਸਹਾਰਦੇ ਰਹੇ।

ਪ੍ਰੋ. ਕਿਰਪਾਲ ਸਿੰਘ ਕਸੇਲ ਉਹ ਨਾਮ ਹੈ, ਜੋ ਪੰਜਾਬੀ ਸਾਹਿਤ ਦੇ ਪਾਠਕਾਂ ਦੀ ਕੰਨੀਂ ਉਦੋਂ ਹੀ ਪੈਣਾ ਸ਼ੁਰੂ ਹੋ ਜਾਂਦਾ ਹੈ, ਜਦੋਂ ਉਹ ਇਸ ਪਉੜੀ ਦੇ ਪਹਿਲੇ ਡੰਡੇ ਤੇ ਹੀ ਪੈਰ ਰੱਖਦੇ ਹਨ। ਇਸ ਦੀ ਵਜ੍ਹਾ ਕਸੇਲ ਜੀ ਦੁਆਰਾ ਲਿਖਤ ਪੁਸਤਕ, 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਹੈ'। ਪਿਛਲੇ ਸੱਠ ਸਾਲਾਂ ਵਿਚ ਪੰਜਾਬੀ ਦੀ ਗਿਆਨੀ ਜਾਂ ਐਮ.ਏ. ਪਾਸ ਕਰਨ ਵਾਲਾ ਕੋਈ ਵੀ ਐਸਾ ਵਿਅਕਤੀ ਨਹੀਂ ਜਿਹਨੇ ਇਹ ਕਿਤਾਬ ਨਾਂ ਪੜ੍ਹੀ ਹੋਵੇ। ਹਰ ਪ੍ਰੀਖਿਆਰਥੀ ਲਈ ਇਹ ਇਕ ਲਾਜ਼ਮੀ ਪੋਥੀ ਬਣ ਗਈ ਸੀ। ਇਸ ਵਿਚ ਪਹਿਲਾਂ ਪ੍ਰੋ. ਪਰਮਿੰਦਰ ਸਿੰਘ ਆਪ ਦੇ ਸਹਿ ਲੇਖਕ ਸਨ। ਕਸੇਲ ਜੀ ਨੇ 2013 ਵਿਚ ਇਸਨੂੰ ਨਵੇਂ ਸਿਰਿਉਂ ਸਤਿੰਦਰ ਸਿੰਘ ਨੰਦਾ ਦੇ ਸਹਿਯੋਗ ਨਾਲ ਸੁਧਾਇਆ ਅਤੇ ਆਪਣੀ ਸੱਠ ਸਾਲਾਂ ਦੀ ਵਿੱਦਵਤਾ ਅਤੇ ਅਧਿਆਪਨ ਕਲਾ ਦਾ ਨਿਚੋੜ, ਇਸ ਗ੍ਰੰਥ ਵਿਚ ਸਮੇਟ ਕੇ, ਇਸ ਨੂੰ ਇਕ ਕਲਾਸਿਕ ਰਚਨਾ ਦਾ ਰੂਪ ਦੇ ਦਿੱਤਾ ਸੀ। ਜੋ ਲਿਖਿਆ ਗਿਆ ਸੀ ਉਸ ਨੂੰ ਬਾਅਦ ਵਿਚ ਘੋਖਣਾ, ਪੜਚੋਲਣਾ ਅਤੇ ਯੁੱਗ ਅਨੁਕੂਲ ਸੰਦਰਭ ਵਿਚ ਢਾਲਣਾ,ਉਹਨਾਂ ਦਾ ਕਸਬ ਰਿਹਾ। ਕਸੇਲ ਜੀ ਦੇ ਬਚਪਨ ਸਮੇਂ ਘਰ ਵਿਚ ਬਾਲਕ ਕਸੇਲ ਉਸਦੀ ਵਿਧਵਾ ਮਾਂ ਉਸਦੀ ਵਿਧਵਾ ਦਾਦੀ, ਕੁਲ ਢਾਈ ਕੁ ਟੋਟਰੂ ਰਹਿ ਗਏ। ਭਾਣਾ ਅਜਿਹਾ ਵਰਤਿਆ ਕਿ ਕਸੇਲ ਜੀ ਦੀ ਭੂਆ ਵੀ ਛੋਟੀ ਉਮਰੇ ਵਿਧਵਾ ਹੋ ਕੇ ਪੇਕੇ ਆ ਬੈਠੀ ਸੀ। ਭਾਵੇਂ ਉਹ ਜ਼ਿਆਦਾ ਸਮਾਂ ਏਥੇ ਨਾ ਰਹੀ ਪਰ ਇਹਨਾਂ ਤਿੰਨਾਂ ਵਿਧਵਾਵਾਂ ਦੇ ਤਰਾਸਦਿਕ ਜੀਵਨ ਦੀ ਤਸਵੀਰ ਕਸੇਲ ਦੇ ਬਾਲ ਮਨ ਤੇ ਉੱਕਰੀ ਰਹੀ ਜਿਸ ਕਾਰਨ ਉਹ ਮਾਨਵੀ ਸੰਵੇਦਨਾਵਾਂ ਨੂੰ ਸਮਝ ਕੇ, ਆਪਣੇ ਸਾਹਿਤ ਵਿਚ ਸਾਰੀ ਉਮਰ, ਨਰੋਈਆਂ ਕਦਰਾਂ ਕੀਮਤਾਂ ਦਾ ਪਰਚਾਰ ਕਰਦੇ ਰਹੇ।

ਕਸੇਲ ਹੋਰਾਂ ਨੂੰ ਸਾਹਿਤਕ ਮੱਸ ਉਹਨਾਂ ਗਰੰਥਾਂ, ਪੋਥੀਆਂ, ਕਿੱਸਿਆਂ ਤੋਂ ਲੱਗੀ ਜੋ ਉਹਨਾਂ ਦਾ ਪੁਸਤਕ-ਪ੍ਰੇਮੀ ਪਿਤਾ, ਪੜ੍ਹਿਆ ਕਰਦਾ ਸੀ ਅਤੇ ਪਿੰਡ ਆਉਣ ਸਮੇਂ ਘਰ ਵਾਲੇ, ਇਹਨਾਂ ਨੂੰ ਦੋ ਟਰੰਕਾਂ ਵਿਚ ਭਰ ਕੇ ਘਰ ਲੈ ਆਏ। ਸੰਨ 1936-37 ਦੀਆਂ ਪੰਜਾਬ ਅਸੈਂਬਲੀ ਲਈ ਚੋਣਾਂ ਸਮੇਂ, ਇਹਨਾਂ ਦੇ ਹਲਕੇ ਵਿਚੋਂ ਰਾਜਾਸਾਂਸੀ ਦੇ ਸਰਦਾਰ ਰਘੁਬੀਰ ਸਿੰਘ ਨੂੰ ਹਰਾ ਕੇ, ਕਾਮਰੇਡ ਸੋਹਣ ਸਿੰਘ ਜੋਸ਼ ਜਿੱਤੇ ਸਨ। ਬਾਲ ਕਸੇਲ ਪਿੰਡਾਂ ਵਿਚ ਢੋਲਕੀ ਛੈਣਿਆਂ ਨਾਲ ਗਾਉਂਦੇ ਲੋਕਾਂ ਦੇ ਇਹਨਾਂ ਬੋਲਾਂ ਤੋਂ ਪ੍ਰਭਾਵਿਤ ਹੁੰਦਾ :-

'ਅਸਾਂ ਪਰਚੀ ਜੋਸ਼ ਨੂੰ ਪਾਉਣੀ,
ਨਹੀਂ ਸਾਨੂੰ ਡਰ ਸਰਦਾਰੀ ਦਾ'

ਗ਼ਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਦਾ ਪਿੰਡ ਭਕਨਾ ਕਸੇਲ ਦਾ ਗੁਆਂਢੀ ਪਿੰਡ ਸੀ। ਪਿੰਡ ਕਸੇਲ ਦੇ ਕਈ ਸੂਰਮੇ ਗ਼ਦਰ ਪਾਰਟੀ ਤੇ ਹੋਰ ਇਨਕਲਾਬੀ ਕਾਰਵਾਈਆਂ ਵਿਚ ਸ਼ਾਮਲ ਸਨ। ਮਾ. ਊਧਮ ਸਿੰਘ ਕਸੇਲ ਤਾਂ ਕਾਬਲ ਦੇ ਰਾਹ ਵਿਚ ਸ਼ਹੀਦ ਹੋ ਗਏ ਸਨ ਅਤੇ ਕਸੇਲ ਜੀ ਦਾ ਸਕਾ ਤਾਇਆ ਬਾਬਾ ਹਰਨਾਮ ਸਿੰਘ ਵੀ ਤੀਹ ਵਰ੍ਹੇ ਪਰਦੇਸਾਂ ਵਿਚ ਰਹਿਣ ਸਮੇਂ, ਗਦਰ ਲਹਿਰ ਦੇ ਸੰਪਰਕ ਵਿਚ ਕਾਰਜਸ਼ੀਲ ਰਹਿ ਕੇ, 1936 ਈ: ਵਿਚ ਪਿੰਡ ਪਰਤਿਆ ਸੀ। ਉਸ ਬਾਬੇ ਪਾਸ ਬਾਬਾ ਸੋਹਣ ਸਿੰਘ ਭਕਨਾ, ਬਾਬਾ ਕੇਸਰ ਸਿੰਘ ਠੱਠਗੜ੍ਹ, ਬਾਬਾ ਵਿਸਾਖਾ ਸਿੰਘ ਦਦੇਹਰ ਆਦਿ ਗ਼ਦਰੀ ਬਾਬੇ ਆਇਆ ਕਰਦੇ ਸਨ।

1937 ਦੇ ਅੰਮ੍ਰਿਤਸਰ ਕਿਸਾਨ ਮੋਰਚੇ ਦੀ ਅਗੁਆਈ ਕਰਨ ਕਰਕੇ, ਬਾਬਾ ਹਰਨਾਮ ਸਿੰਘ ਇਕ ਸਾਲ ਲਈ ਪਿੰਡ ਜੂਹ ਬੰਦ ਕਰ ਦਿੱਤਾ ਗਿਆ। ਇਕ ਪੁਲੀਸ ਦਾ ਸਿਪਾਹੀ ਪਰਛਾਵੇਂ ਜਿਉਂ ਉਹਨਾਂ ਦੀ ਨਿਗਰਾਨੀ ਕਰਦਾ ਸੀ। ਇਸ ਸਮੇਂ ਉਹਨਾਂ ਕਸੇਲ ਦੀ ਪੜ੍ਹਾਈ ਵੱਲ ਉਚੇਚਾ ਧਿਆਨ ਦਿੱਤਾ। ਪਿੰਡ ਤੋਂ ਪ੍ਰਾਈਮਰੀ, ਗੁਆਂਢੀ ਪਿੰਡ ਢੰਡ ਤੋਂ ਮਿਡਲ ਕਰਨ ਬਾਅਦ ਬਾਬਾ ਹਰਨਾਮ ਸਿੰਘ ਨੇ ਕਸੇਲ ਨੂੰ ਆਪਣੇ ਮਿੱਤਰ, ਮਾ. ਸੁਜਾਨ ਸਿੰਘ ਸਰਹਾਲੀ ਪਾਸ, ਉਥੋਂ ਦੇ ਖਾਲਸਾ ਹਾਈ ਸਕੂਲ ਵਿਚ ਭੇਜ ਦਿੱਤਾ। ਸਰਹਾਲੀ ਉਘੇ ਕੂਕਾ ਆਗੂ ਸ਼ਾਮ ਸਿੰਘ, ਮੀਂਹਾਂ ਸਿੰਘ ਆਦਿ ਅਤੇ ਕਾਮਾਗਾਟਾ ਮਾਰੂ ਵਾਲੇ ਬਾਬਾ ਗੁਰਦਿਤ ਸਿੰਘ ਦਾ ਪਿੰਡ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਜਿਸ ਤਰ੍ਹਾਂ ਸਰਹਾਲੀ ਦੇ ਇਲਾਕੇ ਵਿਚ ਕੂਕੇ ਸਰਗਰਮ ਸਨ ਉਵੇਂ ਹੀ ਇਸ ਦਾ ਦੁਆਲਾ, ਗ਼ਦਰ ਲਹਿਰ ਵਿਚ ਸਰਗਰਮ ਸੀ। ਇਹਨਾਂ ਸੂਰਬੀਰਾਂ ਦੇ ਕਾਰਨਾਮੇ ਪੜ੍ਹਾਈ ਦੇ ਨਾਲ-ਨਾਲ ਕਸੇਲ ਜੀ ਨੂੰ ਸੁਣਨ ਲਈ ਮਿਲਦੇ ਸਨ ਤੇ ਮਨ ਮਸਤਕ ਖਿੜ ਜਾਂਦਾ।

ਹੁਣ ਦਸਵੀਂ ਤੋਂ ਬਾਅਦ ਬਾਬਾ ਜੀ ਨੇ ਉਸਨੂੰ ਖਾਲਸਾ ਕਾਲਜ ਅੰਮ੍ਰਿਤਸਰ ਵੱਲ ਤੋਰ ਦਿੱਤਾ, ਜਿਹੜਾ ਉਸ ਸਮੇਂ ਦਾ ਬਹੁਤ ਵੱਡਾ ਵਿਦਿਅਕ ਅਦਾਰਾ ਸੀ। ਭਾਈ ਸਾਹਿਬ, ਭਾਈ ਜੋਧ ਸਿੰਘ ਕਾਲਜ ਦੇ ਪ੍ਰਿੰਸੀਪਲ ਸਨ। ਜਿਹਨਾਂ ਦੇ ਸਾਦਾ, ਮਿਹਨਤੀ ਅਤੇ ਆਪਣੇ ਕਾਰਜ਼ ਪ੍ਰਤੀ ਨਿਸ਼ਠਾ ਵਾਨ ਜੀਵਨ ਦਾ ਪ੍ਰਭਾਵ ਕਸੇਲ ਨੇ ਤਾ ਉਮਰ ਕਬੂਲਿਆ। ਸਰਹਾਲੀ ਸਕੂਲ ਵਿਚ ਪੜ੍ਹਦਿਆਂ ਮਾਰਕਸਵਾਦ ਦੀ ਮੁੱਢਲੀ ਸਿਖਿਆ ਲਈ, ਕਾ. ਤੇਜਾ ਸਿੰਘ ਸੁਤੰਤਰ ਦਾ ਤਿੰਨ ਦਿਨਾਂ ਸਕੂਲ ਵੀ ਲਿਆ। ਕਾ. ਅੱਛਰ ਸਿੰਘ ਛੀਨਾ ਦੀ ਅਗੁਆਈ ਵਿਚ ਚੋਗਾਵਾਂ ਵਿਖੇ ਕਿਸਾਨ ਕਾਨਫਰੰਸ ਵਿਚ ਸ਼ਾਮਲ ਹੋਏ। ਇੱਥੇ ਸ਼ੀਲਾ ਭਾਟੀਆ ਦਾ

ਲੋਕ-ਨਾਟ, ਕਾ. ਲੱਖਾ ਸਿੰਘ ਜੌਹਰ ਮੁਠੱਡਾ ਦੀ ਗੀਤ-ਮੰਡਲੀ ਅਤੇ ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਨਿਵੇਕਲੀ ਤਕਰੀਰ ਮਾਣੀ। ਕਾਲਜ ਵਿਚ ਪੜ੍ਹਦਿਆਂ ਵਿਦਿਆਰਥੀ ਜਥੇਬੰਦੀ, ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਵਿਚ ਸ਼ਾਮਲ ਹੋ ਗਏ। ਸੰਨ 1947 ਵਿਚ ਆਜ਼ਾਦੀ ਤਾਂ ਮਿਲ ਗਈ ਪਰ ਕਤਲੋ ਗਾਰਤ ਸਾੜ ਫੂਕ ਦਾ ਫਿਰਕੂ ਹਿੰਸਾ ਦਾ ਬਾਜ਼ਾਰ ਵੀ ਗਰਮ ਹੋ ਗਿਆ। ਖਾਲਸਾ ਕਾਲਜ ਵਿਚ ਉਸ ਸਮੇਂ ਦਾ ਸਭ ਤੋਂ ਵੱਡਾ ਸ਼ਰਨਾਰਥੀ ਕੈਂਪ ਸੀ। ਕਸੇਲ ਨੇ ਹੋਰ ਵਿਦਿਆਰਥੀਆਂ ਸਮੇਤ, ਉੱਜੜ ਕੇ ਆਇਆਂ ਦੀ ਪੂਰੀ ਦੇਖ ਭਾਲ ਕੀਤੀ। ਫਲਸਵਰੂਪ ਉਸ ਸਾਲ ਬੀ. ਏ. ਦੇ ਇਮਤਿਹਾਨ ਤਾਂ ਨਾ ਹੋਏ ਪਰ ਬੀ. ਏ. (ਸੋਸ਼ਲ ਸਰਵਿਸ) ਦੀ ਡਿਗਰੀ ਮਿਲ ਗਈ। ਕਸੇਲ ਇਸ ਨਾਲ ਸੰਤੁਸ਼ਟ ਨਾ ਹੋਏ। 1949 ਵਿਚ ਦੁਬਾਰਾ ਇਮਤਿਹਾਨ ਦੇ ਕੇ ਬੀ. ਏ. ਦੀ ਡਿਗਰੀ ਹਾਸਲ ਕੀਤੀ। ਸੰਨ 1951 ਵਿਚ ਉਹ ਨਵੀਂ ਖੁਲ੍ਹੀ ਐਮ. ਏ. ਪੰਜਾਬੀ ਕਲਾਸ ਵਿਚ ਇਸੇ ਕਾਲਜ ਵਿਚ ਦਾਖਲ ਹੋਏ। ਇਸ ਤੋਂ ਪਹਿਲਾਂ 1949 ਵਿਚ ਰਾਜਸੀ ਸਰਗਰਮੀਆਂ ਕਾਰਨ, ਕਸੇਲ ਗ੍ਰਿਫਤਾਰ ਕੀਤਾ ਗਿਆ। ਉਸ ਬੀ. ਏ. ਦਾ ਇਮਤਿਹਾਨ ਪੁਲੀਸ ਦੇ ਪਹਿਰੇ ਹੇਠ ਦਿੱਤਾ ਸੀ। ਫਿਰ ਉਸਨੂੰ ਉਸ ਸਮੇਂ ਦੇ ਚੋਟੀ ਦੇ ਕਮਿਊਨਿਸਟ ਆਗੂਆਂ ਸਮੇਤ ਯੋਲ ਕੈਂਪ ਜਿਹਲ ਵਿਚ ਭੇਜ ਦਿੱਤਾ ਗਿਆ। ਇਥੇ ਰੋਜ਼ ਸਿਧਾਂਤਕ ਮਸਲੇ ਵਿਚਾਰੇ ਜਾਂਦੇ। ਕਸੇਲ ਦੇ ਅੰਦਰ ਅਗਲੇਰੀ ਪੜ੍ਹਾਈ ਦੀ ਦ੍ਰਿੜ ਇਛਾ ਸੀ। ਜਿਸ ਲਈ ਉਸਨੇ ਸਰਕਾਰ ਨੂੰ ਇਕ ਪੱਤਰ ਲਿਖਿਆ। ਇਕ ਸਾਲ ਲਈ ਉਸਨੂੰ ਅੰਮ੍ਰਿਤਸਰ ਦੇ ਇਕ ਸੀਮਿਤ ਖੇਤਰ ਵਿਚ ਰਹਿਣ ਦੀ ਸ਼ਰਤ ਤੇ ਪੜ੍ਹਨ ਲਈ ਜਿਹਲੋਂ ਬਾਹਰ ਭੇਜ ਦਿੱਤਾ।

ਐਮ. ਏ. ਕਰਦਿਆਂ ਉਹ ਪ੍ਰੋ. ਸਾਹਿਬ ਸਿੰਘ, ਪ੍ਰੋ. ਸੰਤ ਸਿੰਘ ਸੇਖੋਂ, ਪ੍ਰੋ. ਦੀਵਾਨ ਸਿੰਘ, ਪ੍ਰੋ. ਗੁਲਵੰਤ ਸਿੰਘ ਆਦਿ ਦੇ ਸੰਪਰਕ ਵਿਚ ਆਏ। ਉਹਨਾਂ ਨੇ ਆਪਣੇ ਵਿਦਿਆਰਥੀਆਂ ਨੂੰ ਇਸ ਗੱਲ ਲਈ ਚੰਡਿਆ ਕਿ ਨਵੇਂ ਪੰਜਾਬ ਵਿਚ ਤੁਸਾਂ ਪੰਜਾਬੀ ਅਧਿਆਪਨ ਦਾ ਮੋਹਰੀ ਬਣਨਾ ਹੈ। ਮਾਂ ਬੋਲੀ ਨੂੰ ਉਸਦਾ ਬਣਦਾ ਮਾਨ-ਸਨਮਾਨ ਸਰਕਾਰੇ ਦਰਬਾਰੇ ਦੁਆਉਣਾ ਹੈ, ਇਸ ਲਈ ਇਹ ਕੰਮ ਜੋ ਤੁਸੀਂ ਕਰਨ ਲੱਗੇ ਹੋ, ਉਸਨੂੰ ਛੋਟਾ ਨਾ ਸਮਝਕੇ, ਜੀਅ ਜਾਨ ਨਾਲ ਕਰਨਾ। ਕਸੇਲ ਜੀ ਨੇ ਪੰਜਾਬੀ ਵਿਚ ਗਿਆਨੀ ਦਾ ਇਮਤਿਹਾਨ ਪਹਿਲੀ ਸ਼੍ਰੇਣੀ ਨਾਲ ਪੰਜਾਬ ਭਰ ਵਿਚੋਂ ਪਹਿਲੇ ਨੰਬਰ ਤੇ ਰਹਿ ਕੇ ਪਾਸ ਕੀਤਾ ਅਤੇ ਇਹੋ ਨਤੀਜਾ ਐਮ. ਏ. ਵਿਚ ਵੀ ਦੁਹਰਾਇਆ। ਅੰਮ੍ਰਿਤਸਰ ਵਿਚ ਰਹਿੰਦਿਆਂ ਗਿਆਨੀ ਕਲਾਸਾਂ ਨੂੰ ਪੜ੍ਹਾ ਕੇ ਅਧਿਆਪਨ ਦਾ ਤਜ਼ਰਬਾ ਹਾਸਿਲ ਕੀਤਾ।

ਐਮ. ਏ. ਕਰਨ ਤੋਂ ਛੇਤੀ ਬਾਅਦ ਉਹਨਾਂ ਦਾ ਅਧਿਆਪਨ ਦਾ ਦੌਰ ਸ਼ੁਰੂ ਹੋ ਗਿਆ। ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਪਹਿਲੀ ਨਿਯੁਕਤੀ ਹੋਈ। ਫਗਵਾੜਾ, ਫਰੀਦਕੋਟ, ਗੁਰਦਾਸਪੁਰ ਤੋਂ 1957 ਵਿਚ ਸਰਕਾਰੀ ਕਾਲਜ ਲੁਧਿਆਣੇ ਪੁੱਜ ਗਏ। ਇਥੇ ਵੀ ਐਮ. ਏ. ਕਲਾਸਾਂ ਨੂੰ ਪੜ੍ਹਾਇਆ ਅਤੇ 1961 ਵਿਚ ਫਿਰ ਗੁਰਦਾਸਪੁਰ। ਲੁਧਿਆਣਾ ਰਹਿੰਦਿਆਂ ਹੀ 10 ਸਤੰਬਰ 1959 ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਭੋਗ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਸਤਾਰ ਬੰਦੀ ਸਮਾਗਮ ਵਿਚ, ਅਜਿਹੇ ਸ਼ਾਮਲ ਹੋਏ ਕਿ ਆਯੂ ਪ੍ਰਯੰਤ ਕਸੇਲ ਜੀ ਦਾ ਪੂਰੇ ਸੱਠ ਸਾਲ ਨਾਮਧਾਰੀ ਭਾਈਚਾਰੇ ਨਾਲ ਨੇੜਲਾ ਸੰਪਰਕ ਬਣਿਆ ਰਿਹਾ ਜਿਹੜਾ ਦੋਹਾਂ ਧਿਰਾਂ ਲਈ ਕਲਿਆਣ ਕਾਰੀ ਸਿੱਧ ਹੋਇਆ। ਸਰਕਾਰੀ ਨੌਕਰੀ ਤੇ ਲੱਗਣ ਸਮੇਂ ਵੀ ਅਤੇ ਇਕ ਵਾਰ ਆਪਣੀ ਬਰਤਰਫੀ ਸਮੇਂ ਵੀ ਆਪ ਦੇ ਪੂਰਬ ਕਾਲੀ ਜੀਵਨ ਦੇ ਸਰਗਰਮ ਕਮਿਊਨਿਸਟ ਸਰੋਕਾਰਾਂ ਦੇ ਅੜਿੱਕੇ ਦਾ ਢੁੱਚਰ ਡਾਹਿਆ ਗਿਆ ਸੀ। ਸੰਤ ਇੰਦਰ ਸਿੰਘ ਚੱਕਰਵਰਤੀ ਦੇ ਉੱਦਮ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਨਾਲ, ਸ੍ਰੀ ਭੈਣੀ ਸਾਹਿਬ 1960 ਈ: ਵਿਚ, ਪੰਜਾਬੀ ਲੇਖਕਾਂ ਦੇ ਵਿਸ਼ਾਲ ਸੰਮੇਲਨ ਵਿਚ, ਕਸੇਲ ਜੀ ਸ਼ਾਮਲ ਸਨ ਜਿਥੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਸਬੰਧੀ ਵਿਚਾਰਾਂ ਹੋਈਆਂ।

ਨੌਕਰੀ ਤੋਂ ਬਰਤਰਫੀ ਸਮੇਂ ਉਹਨਾਂ ਆਪਣੀ ਪਹਿਲੀ ਮੌਖਿਕ ਕਿਤਾਬ, ਆਧੁਨਿਕ ਗੱਦ ਕਾਰ ਲਿਖੀ, ਫਿਰ ਸਾਹਿਤ ਦੇ ਰੂਪ ਅਤੇ ਫਿਰ ਚੱਲ ਸੋ ਚੱਲ। 1958 ਵਿਚ ਬਣੇ ਪੰਜਾਬੀ ਸਾਹਿਤ ਸਮੀਖਿਆ ਬੋਰਡ ਦੇ ਪਹਿਲੇ ਪ੍ਰਧਾਨ ਬਣੇ। ਇਸ ਸਮੇਂ ਬੋਰਡ ਨੇ ਕਈ ਖੋਜ ਪੁਸਤਕਾਂ ਅਤੇ ਅਭਿਨੰਦਨ ਗ੍ਰੰਥ ਛਾਪੇ। 1964 ਵਿਚ ਨੇਤਰ ਹੀਣ ਹੋਣ ਬਾਅਦ ਸੀ. ਐਮ. ਸੀ. ਲੁਧਿਆਣਾ ਦੇ ਦਸ ਨੰਬਰ ਵਾਰਡ ਵਿਚ ਰਹੇ ਸਨ। ਇਸੇ ਅਧਾਰ ਤੇ ਬਾਅਦ ਵਿਚ ਉਹਨਾਂ ਨੇ ਨਹਿਰੂ ਯੁਗ ਦਾ ਯਥਾਰਥਕ ਬਿਰਤਾਂਤ ਸਿਰਜਦਿਆਂ, ਆਪਣੇ ਨੇਤਰ ਹੀਣ ਹੋਣ ਦੇ ਦੁਖਾਂਤ ਤੇ ਵੀ ਚਾਨਣਾ ਪਾਇਆ। 1968 ਈ: ਵਿਚ ਉਹਨਾਂ ਨੂੰ ਭਾਸ਼ਾ ਵਿਭਾਗ ਵਿਚ ਖੋਜ ਅਫਸਰ ਲਾ ਦਿੱਤਾ। ਪੰਜਾਬੀ ਸਾਹਿਤ ਦਾ ਇਤਿਹਾਸ, ਦੋ ਜਿਲਦਾਂ ਵਿਚ ਪ੍ਰਕਾਸ਼ਿਤ ਕਰਵਾਇਆ। 1975 ਵਿਚ ਮੁੜ ਮਹਿੰਦਰਾ ਕਾਲਜ ਪਟਿਆਲਾ ਵਿਚ ਅਧਿਆਪਨ ਕਾਰਜ ਤੇ ਲੱਗੇ। ਜਿੱਥੋਂ 1988 ਈ: ਵਿਚ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਰਿਟਾਇਰ ਹੋਏ।

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਯੂਨਿਵਰਸਿਟੀ ਨੇ ਉਹਨਾਂ ਨੂੰ ਫੈਲੋਸ਼ਿਪ ਅਤੇ ਡੀ. ਲਿਟ. ਦੀ ਮਾਨਦ ਡਿਗਰੀ ਪ੍ਰਦਾਨ ਕਰਕੇ, ਉਹਨਾਂ ਦੇ ਵੱਡੇ ਕੰਮ ਨੂੰ ਮਾਨਤਾ ਦਿੱਤੀ। ਭਾਸ਼ਾ ਵਿਭਾਗ ਅਤੇ ਪੰਜਾਬੀ ਯੂਨਿਵਰਸਿਟੀ ਨੇ ਉਹਨਾਂ ਨੂੰ ਪ੍ਰੋ. ਪੂਰਨ ਸਿੰਘ ਤੇ ਕੰਮ ਕਰਨ ਲਈ ਕਿਹਾ ਤਾਂ ਉਹਨਾਂ ਪ੍ਰੋ. ਸਾਹਿਬ ਦੀ ਜੀਵਨੀ 'ਰਾਜ ਹੰਸ' ਲਿਖੀ। ਪੂਰਨ ਸਿੰਘ ਹੋਰਾਂ ਦੀ ਅੰਗਰੇਜ਼ੀ ਵਿਚ ਛਪੀ, ਸਮੁੱਚੀ ਕਵਿਤਾ ਅਤੇ ਵਾਰਤਕ ਨੂੰ ਪੰਜਾਬੀ ਵਿਚ ਉਲਥਾਇਆ। ਉਹਨਾਂ ਦਾ 'ਆਤਮਾ ਦੀ ਕਵਿਤਾ' ਦੇ ਅਨੁਮਾਨ ਹੇਠ ਪ੍ਰੋ. ਪੂਰਨ ਸਿੰਘ ਦਾ ਕਾਵਿ ਰੂਪਾਂਤਰਣ, ਉੱਚ ਕੋਟੀ ਦੀ ਰਚਨਾ ਹੈ। ਉਹ ਬਹੁ ਵਿਧਾਈ ਲੇਖਕ ਸਨ ਜਿਹਨਾਂ ਨੇ ਕਵਿਤਾ, ਵਾਰਤਕ, ਅਲੋਚਨਾ, ਨਾਵਲ, ਇਤਿਹਾਸਕਾਰੀ, ਰੇਖਾ ਚਿਤਰ, ਸੰਸਮਰਣ, ਅਨੁਵਾਦ, ਨਿਬੰਧ ਆਦਿ ਦੀਆਂ ਇਕ ਸੈਂਕੜੇ ਦੇ ਲਾਗੇ ਚਾਗੇ ਕਿਤਾਬਾਂ ਦੀ ਰਚਨਾ ਕੀਤੀ ਹੈ। ਉਹਨਾਂ ਨੇ ਨਿਗਾਹ ਹੁੰਦਿਆਂ ਕੋਈ 16 ਕਿਤਾਬਾਂ ਲਿਖੀਆਂ ਸਨ ਅਤੇ ਬਾਕੀ ਸਭ ਇਸਤੋਂ ਮਗਰੋਂ। ਅੱਖਾਂ ਦੀ ਜੋਤ ਜਾਣ ਤੋਂ ਬਾਅਦ ਉਹਨਾਂ ਨੂੰ ਮਹਿਸੂਸ ਹੋਇਆ ਕਿ ਉਹਨਾਂ ਦੇ ਅੰਦਰ ਦਾ ਪ੍ਰਕਾਸ਼ ਵੱਧ ਗਿਆ ਹੈ, ਜਿਸ ਸਹਾਰੇ ਉਹਨਾਂ ਨੇ ਇਹ ਹੈਰਾਨ ਕਰਨ ਵਾਲੇ ਕਾਰਜ, ਰੋਜ਼ਾਨਾ ਦਸ ਦਸ ਘੰਟੇ ਕੰਮ ਕਰਕੇ ਕੀਤੇ ਹਨ। ਇਸੇ ਕਾਰਨ ਪ੍ਰੋ. ਕਸੇਲ ਨੂੰ ਪੰਜਾਬ ਦਾ ਮਿਲਟਨ ਕਿਹਾ ਜਾਂਦਾ ਹੈ।

ਬਹੁਤ ਸਾਰੇ ਸਾਹਿਤ ਦੇ ਖੋਜਾਰਥੀ ਉਹਨਾਂ ਨਾਲ ਸਹਾਇਕ ਵਜੋਂ ਕੰਮ ਕਰਦੇ ਰਹੇ ਹਨ। ਇਹਨਾਂ ਸਾਰਿਆਂ ਨੂੰ ਇਹਨਾਂ ਦੇ ਕਾਰਜ ਸਿਰੇ ਚੜਾਉਣ ਵਿਚ ਇਮਦਾਦੀ ਹੋ ਕੇ, ਉਹਨਾਂ ਦੇ ਰੋਟੀ ਰੁਜ਼ਗਾਰ ਦਾ ਪ੍ਰਬੰਧ ਕਰਾਉਣ ਵਿਚ ਵੀ ਸਹਾਇਕ ਬਣੇ। ਜਿਸ ਤਰ੍ਹਾਂ ਕਸੇਲ ਜੀ ਦੇ ਉਸਤਾਦਾਂ ਦਾ ਮੰਡਲ ਵੱਡਾ ਸੀ ਇਸੇ ਤਰ੍ਹਾਂ ਉਹਨਾਂ ਆਪਣੇ ਸੁਯੋਗ ਸ਼ਾਗਿਰਦਾਂ ਦਾ ਵੀ ਵਿਸ਼ਾਲ ਸੰਸਾਰ ਸਿਰਜਿਆ ਸੀ। ਜ਼ਿੰਦਗੀ ਦੀ ਇਹ ਰਾਸ ਪੂੰਜੀ ਆਪਣੇ ਵਿਸ਼ਾਲ ਸਨੇਹੀਆਂ ਦੇ ਸੰਸਾਰ ਸਦਕਾ ਉਹਨਾਂ ਨੂੰ ਬਾਗੋ ਬਾਗ ਰੱਖਦੀ ਸੀ। ਪਰਿਵਾਰਿਕ ਜੀਵਨ ਵਿਚ ਆਈਆਂ ਕੁਝ ਸੱਟਾਂ, ਜਿਹਾ ਕਿ ਲੜਕੇ ਪ੍ਰੋ. ਤੇਜ ਬੀਰ ਕਸੇਲ ਦਾ ਚਲਾਣਾ ਆਦਿ ਉਹਨਾਂ ਇਸੇ ਪੂੰਜੀ ਸਦਕਾ ਸਹਾਰੀਆਂ ਗ੍ਰਹਿਸਤ ਜੀਵਨ ਵਿਚ ਦੋ ਪੁੱਤਰ ਅਤੇ ਦੋ ਧੀਆਂ ਨੂੰ ਉੱਚ ਵਿਦਿਆ ਦੁਆ ਕੇ, ਅਧਿਆਪਨ ਕਾਰਜ ਵਿਚ ਉੱਚੀਆਂ ਨੌਕਰੀਆਂ ਦਿਵਾਈਆਂ। ਉਹਨਾਂ ਦੀਆਂ ਦੋਵੇਂ ਪਤਨੀਆਂ ਉਹਨਾਂ ਤੋਂ ਕੁਝ ਸਮਾਂ ਪਹਿਲਾਂ ਚਲਾਣਾ ਕਰ ਗਈਆਂ ਸਨ। ਦੋਵੇਂ ਸਕੀਆ ਭੈਣਾਂ ਸਨ ਅੰਮ੍ਰਿਤਸਰ ਦੇ ਚੌ. ਸੰਤਾ ਸਿੰਘ ਦੀਆਂ ਧੀਆਂ।

ਉਹਨਾਂ ਦੇ ਕੰਮਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਪਰ ਗਦਰ ਲਹਿਰ, ਕੂਕਾ ਲਹਿਰ ਅਤੇ ਪ੍ਰੋ. ਪੂਰਨ ਸਿੰਘ ਦੀ ਰਚਨਾ ਦੀ ਸਾਰ ਸੰਭਾਲ, ਉਹਨਾਂ ਦੇ ਪ੍ਰਮੁੱਖ ਕਾਰਜ ਹਨ ਜਿਹਨਾਂ ਲਈ ਪ੍ਰੋ. ਸਾਹਿਬ ਦਾ ਯੋਗਦਾਨ ਵੱਡ ਮੁੱਲਾ ਹੈ। ਉਹਨਾਂ ਗਿਆਨੀ ਕੇਸਰ ਸਿੰਘ ਦੁਆਰਾ ਸੰਕਲਿਤ ਗਦਰ ਲਹਿਰ ਦੀ ਸਮੁੱਚੀ ਵਾਰਤਕ ਨੂੰ ਇਕ ਵੱਡੇ ਗ੍ਰੰਥ ਵਿਚ ਸੰਪਾਦਿਤ ਕੀਤਾ। ਕੂਕਿਆਂ ਬਾਰੇ ਤਿੰਨ ਵੱਡੇ ਗ੍ਰੰਥ ਲਿਖਕੇ, ਗੁਰੂ ਬਾਲਕ ਸਿੰਘ ਜੀ ਤੋਂ ਲੈਕੇ ਸਤਿਗੁਰੂ ਜਗਜੀਤ ਸਿੰਘ ਤੱਕ, ਸਮੁੱਚਾ ਨਾਮਧਾਰੀ ਇਤਿਹਾਸ ਕਾਨੀ ਬੰਦ ਕੀਤਾ ਹੈ। ਆਪਣੇ ਪਿੰਡ ਦੇ ਦੋਹਾਂ ਗਦਰੀ ਯੋਧਿਆਂ, ਬਾਬਾ ਹਰਨਾਮ ਸਿੰਘ ਅਤੇ ਮਾ. ਊਧਮ ਸਿੰਘ ਬਾਰੇ ਉਹਨਾਂ ਦੀਆਂ ਆਤਮ ਕਥਾਵਾਂ ਤੇ ਆਧਾਰਿਤ ਪੁਸਤਕ ਤਿਆਰ ਕਰਕੇ, ਕੁਝ ਸਾਲ ਪਹਿਲਾਂ ਕਸੇਲ ਪਿੰਡ ਜਾ ਕੇ, ਉਸ ਨੂੰ ਲੋਕ ਅਰਪਣ ਕਰਨ ਸਮੇਂ ਵਿਦਵਾਨਾਂ ਦੀ ਹਾਜਰੀ ਵਿਚ ਵੱਡਾ ਸਮਾਗਮ ਕੀਤਾ। ਮੈਂ ਵੀ ਉਸ ਵਿਚ ਸ਼ਾਮਲ ਹੋਇਆ ਸਾਂ ਤੇ ਕਸੇਲ ਜੀ ਦੇ ਜੱਦੀ ਘਰ ਦੇ ਇਕ ਚੁਬਾਰੇ ਵਿਚ ਉਹਨਾਂ ਦੀ ਦਾਦੀ ਦਾ, ਵੱਡੇ ਉੱਚੇ ਪਾਵਿਆਂ ਤੇ ਚੌੜੀਆਂ ਮੋਟੀਆਂ ਹੀਆਂ ਵਾਲਾ, ਪਲੰਘ ਵੇਖਿਆ ਸੀ।

ਕਸੇਲ ਜੀ ਜਦੋਂ ਵੀ ਮਿਲਦੇ ਕਹਿੰਦੇ ਆਉ ਬੈਠ ਕੇ ਕੋਈ ਅਗਲਾ ਪ੍ਰੋਗਰਾਮ, ਭਾਵ ਲਿਖਣ ਕਾਰਜ ਅਰੰਭੀਏ। ਉਹਨਾਂ ਨੂੰ ਹਮੇਸ਼ਾਂ ਕ੍ਰਿਆਸ਼ੀਲ ਵੇਖਿਆ। ਦਿਨ ਚਰਿਆ ਬੜੀ ਨੇਮ ਬੱਧ ਸੀ। ਸਫਾਈ ਪਸੰਦ ਸਨ ਅੰਦਰ ਦੀ ਵੀ ਤੇ ਬਾਹਰ ਦੀ ਵੀ ਸਫਾਈ। ਪ੍ਰੋ. ਕਸੇਲ ਦੋ ਝੋਰੇ ਆਪਣੇ ਨਾਲ ਹੀ ਲੈਕੇ ਇੱਥੋਂ ਵਿਦਾਅ ਹੋਏ। ਪਹਿਲਾ ਝੋਰਾ ਕਿ ਪੰਜਾਬ ਦੀ ਆਤਮਾ ਸਰੂਪ ਬੋਲਣ ਵਾਲਾ, ਪ੍ਰੋ. ਪੂਰਨ ਸਿੰਘ ਜਿੱਡਾ ਵੱਡਾ ਰਚਨਾਕਾਰ ਸੀ, ਅਸਾਂ ਪੰਜਾਬੀਆਂ, ਉਸ ਦੀ ਉਸ ਰੂਪ ਵਿਚ ਕਦਰ ਨਹੀਂ ਕੀਤੀ। ਦੂਜਾ ਝੋਰਾ ਇਹ ਸੀ ਕਿ ਅਸੀਂ ਕਮਿਊਨਿਸਟ ਅਜੇ ਤੱਕ, ਲੋਕ ਘੋਲਾਂ ਦੇ ਮਹਾਨ ਘੁਲਾਟੀਏ, ਕਾ. ਤੇਜ ਸਿੰਘ ਸੁਤੰਤਰ ਦੀ ਜੀਵਨੀ ਵੀ ਨਹੀਂ ਲਿਖ ਸੱਕੇ।

ਪ੍ਰੋ. ਕਸੇਲ ਜੀ ਦੇ ਪਿਛਲੇ 25 ਸਾਲਾਂ ਦੇ ਜੀਵਨ ਵਿਚ ਦੋ ਨਾਮਧਾਰੀ ਸਿੰਘਾਂ ਦਾ ਯੋਗਦਾਨ ਪ੍ਰਸੰਸਾ ਯੋਗ ਹੈ। ਭਾਈ ਅਜੀਤ ਸਿੰਘ ਰੰਧਾਵਾ 22 ਸਾਲ ਅਤੇ ਭਾਈ ਸਕੱਤਰ ਸਿੰਘ ਆਖਰੀ ਤਿੰਨ ਸਾਲ ਉਹਨਾਂ ਦੀ ਸੇਵਾ ਵਿਚ ਰਹੇ।

ਕਰੀਵਾਲਾ,
ਸਿਰਸਾ,
ਸੰਪ: 99963-71716

'ਪੌਣੀ ਸਦੀ ਦਾ ਸਫ਼ਰ' ਵਿੱਚੋਂ

✍-ਪ੍ਰੋ. ਕਿਰਪਾਲ ਸਿੰਘ ਕਸੇਲ

ਕਸੇਲ ਦੀਵਾਨਾ ਜੰਮਿਆ ਚੇਤੰਨਤਾ ਦੀ ਕੁੱਖ,
ਜੜ੍ਹਤਾ ਦੇ ਅੰਧਕੂਪ ਵਿਚ ਲਟਕੇ ਚੰਦਨ ਰੁੱਖ।

ਜਨਮ-ਸਥਾਨ, ਕੁਲ ਤੇ ਬੰਸ – ਮੇਰਾ ਜਨਮ 19 ਮਾਰਚ 1928 – 7 ਚੇਤ 1985 ਬਿਕਰਮੀ ਸੋਮਵਾਰ ਵਾਲੇ ਦਿਨ ਉਸ ਸਮੇਂ ਪੰਜਾਬ ਦੀ ਰਾਜਧਾਨੀ ਲਾਹੌਰ ਵਿਖੇ ਹੋਇਆ ਸੀ, ਪਰ ਸਰਕਾਰੀ ਕਾਗਜ਼ਾਂ ਵਿਚ ਮੇਰੀ ਜਨਮ ਤਿਥੀ 24 ਅਪਰੈਲ 1928 ਦੀ ਲਿਖੀ ਹੈ। ਮੇਰਾ ਬੰਸਗਤ ਸੰਬੰਧ ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਮਸ਼ਹੂਰ ਪਿੰਡ ਕਸੇਲ ਨਾਲ ਹੈ, ਜੋ ਅੰਮ੍ਰਿਤਸਰ ਤੋਂ ਦੱਖਣ ਪੂਰਬ ਦੀ ਦਿਸ਼ਾ ਵੱਲ 15 ਕਿ. ਮੀ. ਦੀ ਦੂਰੀ 'ਤੇ ਹੈ। ਪਿੰਡ ਕਸੇਲ ਮਾਝੇ ਦੇ ਉਸ ਇਲਾਕੇ ਵਿਚ ਸਥਿਤ ਹੈ, ਜਿਸ ਦੇ ਆਲੇ ਦੁਆਲੇ ਗੁਰੂ ਸਾਹਿਬਾਨ ਦੀਆਂ ਇਤਿਹਾਸਿਕ ਯਾਦਾਂ ਤੋਂ ਬਿਨਾਂ ਪੁਰਾਤਨ ਇਤਿਹਾਸਿਕ ਕਾਲ ਦੀ ਸੰਸਕ੍ਰਿਤੀ ਦੇ ਵੀ ਕਈ ਚਿੰਨ੍ਹ ਮੌਜੂਦ ਹਨ।

ਮੇਰਾ ਜਨਮ 19 ਮਾਰਚ 1928 ਨੂੰ ਲਾਹੌਰ ਵਿਖੇ ਹੀ ਹੋਇਆ, ਪਰ ਮੇਰੇ ਪਰਿਵਾਰ ਨੂੰ ਬਹੁਤ ਸਮਾਂ ਲਾਹੌਰ ਵਿਚ ਰਹਿਣਾ ਨਸੀਬ ਨਾ ਹੋਇਆ। ਮੇਰੇ ਜਨਮ ਤੋਂ ਤਿੰਨ ਮਹੀਨੇ ਪਿਛੋਂ ਮੇਰੇ ਪਿਤਾ ਜੀ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਉਸ ਸਮੇਂ ਤਪਦਿਕ ਦਾ ਰੋਗ ਲੱਗ ਗਿਆ ਜੋ ਉਸ ਸਮੇਂ ਲਾਇਲਾਜ ਸਮਝਿਆ ਜਾਂਦਾ ਸੀ।

ਉਨ੍ਹਾਂ ਦਾ ਦੇਹਾਂਤ 20 ਜੂਨ 1928 ਨੂੰ ਹੋ ਗਿਆ। ਉਸ ਸਮੇਂ ਮੇਰੀ ਮਾਤਾ ਮਹਿੰਦਰ ਕੌਰ ਦੀ ਉਮਰ 18-19 ਸਾਲ ਦੀ ਹੀ ਸੀ। ਜਵਾਨੀ ਦੇ ਚੜ੍ਹਦੇ ਸਮੇਂ ਮਾਤਾ ਵਿਧਵਾ ਹੋ ਗਈ, ਪਰ ਕੁਝ ਵਰ੍ਹਿਆਂ ਦੇ ਵਿਆਹੁਤਾ ਜੀਵਨ ਪਿਛੋਂ ਉਸ ਨੂੰ ਮੇਰੇ ਰੂਪ ਵਿਚ ਇਕਲੌਤਾ ਪੁੱਤਰ ਮਿਲ ਗਿਆ, ਜਿਸ ਦੀ ਵੱਡੇ ਹੋਣ ਦੀ ਆਸ ਉਤੇ ਉਸ ਨੇ ਆਪਣਾ ਸਾਰਾ ਜੀਵਨ ਬੜੇ ਦ੍ਰਿੜ੍ਹ ਇਰਾਦੇ ਨਾਲ ਘਰੋਗੀ ਕੰਮ ਕਾਰ ਵਿਚ ਗੁਜ਼ਾਰਿਆ।

ਚੰਗੇ ਭਾਗਾਂ ਨੂੰ ਮੇਰੇ ਪਿਤਾ ਜੀ ਆਪਣੇ ਥੋੜ੍ਹੇ ਸਮੇਂ ਦੀ ਨੌਕਰੀ ਵੇਲੇ ਪਿੰਡ ਵਿਚ ਇਕ ਪੱਕਾ ਦੋ ਮੰਜ਼ਿਲਾ ਮਕਾਨ ਬਣਾ ਗਏ ਸਨ। ਪਿਤਾ ਜੀ ਦੇ ਦੇਹਾਂਤ ਪਿਛੋਂ ਸਾਡਾ ਪਰਿਵਾਰ ਪਿੰਡ ਕਸੇਲ ਵਿਚ ਆ ਗਿਆ। ਸੈਨਿਕ ਮਹਿਕਮੇ ਦੇ ਯਤਨਾਂ ਸਦਕਾ ਮੇਰੀ ਮਾਤਾ ਜੀ ਨੂੰ ਮਾਸਿਕ ਪੈਨਸ਼ਨ ਜੋ ਉਸ ਸਮੇਂ 25 ਰੁਪਏ ਸੀ, ਮਿਲਣੀ ਸ਼ੁਰੂ ਹੋ ਗਈ ਅਤੇ 18 ਸਾਲ ਦੀ ਆਯੂ ਤੱਕ ਮੈਨੂੰ ਵੀ 5 ਰੁਪਏ ਮਹੀਨਾ ਮਿਲਦੇ ਰਹੇ। ਮੇਰੀ ਭੂਆ ਬਲਵੰਤ ਕੌਰ ਪਿੰਡ ਜਵੰਦੇ ਵਿਆਹੀ ਹੋਈ ਸੀ। ਉਸ ਦੀਆਂ ਚਾਰ ਬੇਟੀਆਂ ਸਨ, ਪਰ ਮੇਰੇ ਪਿਤਾ ਜੀ ਦੇ ਦੇਹਾਂਤ ਤੋਂ 9 ਮਹੀਨੇ ਪਿਛੋਂ ਮੇਰੇ ਫੁੱਫੜ ਸ. ਜੀਵਨ ਸਿੰਘ ਦਾ ਵੀ ਦੇਹਾਂਤ ਹੋ ਗਿਆ। ਆਪਣੇ ਬਚਪਨ ਵਿਚ ਮੈਨੂੰ ਤਿੰਨ ਵਿਧਵਾ ਇਸਤਰੀਆਂ ਆਪਣੀ ਦਾਦੀ ਲਛਮਣ ਕੌਰ (ਲਛਮੀ) ਉਸ ਦੀ ਧੀ ਬਲਵੰਤ ਕੌਰ (ਬੰਤੋ) ਅਤੇ ਮੇਰੀ ਮਾਤਾ ਮਹਿੰਦਰ ਕੌਰ ਦੇ ਜੀਵਨ ਦੀਆਂ ਮੁਸ਼ਕਲਾਂ ਨੂੰ ਵੇਖਣ ਤੇ ਜਾਣਨ ਦਾ ਮੌਕਾ ਮਿਲਿਆ।

ਮੇਰੀ ਦਾਦੀ ਬੜੀ ਭਲੀ ਇਸਤਰੀ ਸੀ। ਅੰਮ੍ਰਿਤ ਵੇਲੇ ਗੁਰਦੁਆਰੇ ਜਾ ਕੇ ਮੱਥਾ ਟੇਕਣਾ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਨਾ, ਉਸ ਦਾ ਨਿਤ ਦਾ ਨੇਮ ਸੀ। ਮੇਰੀ ਮਾਂ ਸਵੇਰੇ ਉਠ ਕੇ ਦੁੱਧ ਰਿੜਕਣਾ ਪਾ ਦਿੰਦੀ ਅਤੇ ਨਾਲ-ਨਾਲ ਉਚੀ ਮਿੱਠੀ ਸੁਰ ਵਿਚ ਜਪੁਜੀ ਸਾਹਿਬ ਦਾ ਪਾਠ ਕਰਦੀ।

ਸਾਹਿਤ ਅਤੇ ਕਲਾ ਦੇ ਕੁਦਰਤੀ ਸੋਮੇ– ਮੈਂ ਛੇ ਸਾਲਾਂ ਦਾ ਸਾਂ ਜਦੋਂ ਮੈਨੂੰ ਪਿੰਡ ਦੇ ਡਿਸਟ੍ਰਿਕਟ ਬੋਰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਨੇ ਪਾਇਆ ਗਿਆ। ਮੇਰੀ ਜਨਮ ਤਰੀਖ 24 ਅਪ੍ਰੈਲ 1928 ਲਿਖਾ ਦਿੱਤੀ ਗਈ ਜੋ ਸਰਕਾਰੀ ਕਾਗ਼ਜ਼ਾਂ ਵਿਚ ਮੇਰੇ ਰਿਟਾਇਰ ਹੋਣ ਤੱਕ ਚਲਦੀ ਰਹੀ ਹੈ। ਉਨ੍ਹਾਂ ਦਿਨਾਂ ਵਿਚ ਪੜ੍ਹਾਈ ਉਰਦੂ ਅੱਖਰਾਂ ਵਿਚ ਹੀ ਹੁੰਦੀ ਸੀ। ਅਲਫ਼ ਬੇ ਪੇ ਨਾਲ ਤਾਂ ਮੇਰੀ ਜਾਣ ਪਛਾਣ ਹੋ ਗਈ, ਪਰ ਗੁਰਮੁਖੀ ਅੱਖਰ ਤਾਂ ਮੈਂ ਪਿੰਡ ਦੇ ਗੁਰਦੁਆਰੇ ਦੇ ਭਾਈ ਕੋਲੋਂ ਹੀ ਸਿਖੇ। ਉਨ੍ਹਾਂ ਦਿਨਾਂ ਵਿਚ ਇਕ ਬੜਾ ਰੰਗਦਾਰ ਤਸਵੀਰਾਂ ਵਾਲਾ ਬਾਲ ਉਪਦੇਸ਼ ਮਿਲਦਾ ਸੀ, ਜਿਸ ਉਤੇ ਗੁਰੂ ਸਾਹਿਬਾਨ ਦੀਆਂ ਸਚਿਤਰਿਤ ਤਸਵੀਰਾਂ ਹੁੰਦੀਆਂ ਸਨ। ਗੁਰਮੁਖੀ ਦੀ ਪੈਂਤੀ, ਭੁਲਾਵੇਂ ਅੱਖਰ ਤੇ ਮੁਹਾਰਣੀ ਮੈਂ ਇਸੇ ਬਾਲ ਉਪਦੇਸ਼ ਤੋਂ ਹੀ ਪੜ੍ਹੇ ਸਨ। ਤੀਜੀ ਜਮਾਤ ਵਿਚ ਸਾਡੀ ਜਾਣ ਪਛਾਣ ਗੁਰਮੁਖੀ ਅੱਖਰਾਂ ਨਾਲ ਵੀ ਕਰਵਾ ਦਿਤੀ ਗਈ ਸੀ।

ਮੈਂ ਭਾਵੇਂ ਆਪਣੇ ਪਿਤਾ ਦੇ ਦਰਸ਼ਨ ਨਹੀਂ ਸਨ ਕੀਤੇ, ਪਰ ਉਹ ਇਕ ਵਿਸ਼ੇਸ਼ ਰੂਪ ਵਿਚ ਮੈਨੂੰ ਕੁਝ ਆਪਣੇ ਸੰਸਕਾਰ ਵਿਰਸੇ ਵਿਚ ਜ਼ਰੂਰ ਦੇ ਗਏ ਸਨ। ਮੈਂ ਸਮਝਦਾ ਹਾਂ

Sri Satguru Jagjit Singh Ji Elibrary NamdhariElibrary@gmail.com

ਕਿ ਮੇਰੀ ਸਹਿਤਕ ਰੁਚੀ ਦੇ ਪਹਿਲੇ ਬੀਜ ਉਨ੍ਹਾਂ ਦੀ ਹੀ ਦੇਣ ਹਨ। ਆਪਣੇ ਲਾਹੌਰ ਵਾਸ ਸਮੇਂ ਜਿਥੇ ਉਨ੍ਹਾਂ ਨੇ ਆਪਣੀ ਪੜ੍ਹਾਈ ਮੁਕੰਮਲ ਕੀਤੀ ਅਤੇ ਕੁਝ ਸਾਲ ਸਰਕਾਰੀ ਨੌਕਰੀ ਵੀ ਕੀਤੀ, ਉਨ੍ਹਾਂ ਨੂੰ ਪੁਸਤਕਾਂ ਪੜ੍ਹਨ ਦੀ ਵੀ ਖ਼ਾਸ ਲਗਨ ਸੀ। ਜਦੋਂ ਉਨ੍ਹਾਂ ਦਾ ਸਾਮਾਨ ਪਿੰਡ ਲਿਆਂਦਾ ਗਿਆ ਤਾਂ ਉਸ ਵਿਚ ਦੋ ਟਰੰਕ ਪੁਸਤਕਾਂ ਦੇ ਵੀ ਸਨ। ਉਦੋਂ ਮੈਨੂੰ ਇਨ੍ਹਾਂ ਪੁਸਤਕਾਂ ਦੇ ਗੋਹਜ-ਖ਼ਜ਼ਾਨੇ ਬਾਰੇ ਕੋਈ ਬਹੁਤਾ ਪਤਾ ਨਹੀਂ ਸੀ, ਪਰ ਜਦੋਂ ਮੈਂ ਕੁਝ ਹੋਸ਼ ਸੰਭਾਲੀ ਤਾਂ ਹੁਣ ਮੈਨੂੰ ਚੇਤੇ ਆਉਂਦਾ ਹੈ ਕਿ ਉਨ੍ਹਾਂ ਪੁਸਤਕਾਂ ਵਿਚ ਉਰਦੂ ਅੱਖਰਾਂ ਵਿਚ ਭਾਈ ਬਾਲੇ ਦੀ ਜਨਮਸਾਖੀ, ਗ਼ਾਲਿਬ ਦਾ ਦੀਵਨ ਅਤੇ ਸ਼ੇਕਸਪੀਅਰ ਦੇ ਨਾਟਕਾਂ ਦੀ ਇਕ ਸੁਨਹਿਰੀ ਜਿਲਦ ਵਾਲਾ ਸੰਗ੍ਰਹਿ ਵੀ ਮੌਜੂਦ ਸੀ ਜਿਸ ਵਿਚ ਸ਼ੇਕਸਪੀਅਰ ਦੇ ਪਾਤਰਾਂ ਦੀਆਂ ਕਈ ਸੁੰਦਰ ਤਸਵੀਰਾਂ ਮੌਜੂਦ ਸਨ। ਇਸ ਦੇ ਪਹਿਲੇ ਵਰਕੇ ਉਤੇ ਮੇਰੇ ਪਿਤਾ ਜੀ ਦੇ ਅੰਗਰੇਜ਼ੀ ਵਿਚ ਦਸਤਖ਼ਤ ਸਨ, ਜਿਸ ਵਿਚ ਅੰਗਰੇਜ਼ੀ ਅਖਰਾਂ ਵਿਚ ਲਿਖਿਆ ਹੋਇਆ ਸੀ, Ganga Singh, Davis Road, Lahore. (ਇਸ ਪੁਸਤਕ ਵਿਚੋਂ ਹੀ ਮੈਂ ਬੀ. ਏ. ਪੜ੍ਹਦਿਆਂ ਸ਼ੇਕਸਪੀਅਰ ਦੇ ਨਾਟਕ ਪੜ੍ਹੇ ਸਨ)।

ਮੈਂ ਇਹ ਸਮਝਦਾ ਹਾਂ ਕਿ ਦੋ ਗੱਲਾਂ ਮੇਰੇ ਪਿਤਾ ਜੀ ਮੈਨੂੰ ਵਿਰਸੇ ਵਿਚ ਦੇ ਗਏ ਸਨ, ਇਕ ਪੁਸਤਕਾਂ ਨਾਲ ਪ੍ਰੇਮ, ਦੂਜਾ ਸਫ਼ੈਦ ਬਸਤਰਾਂ ਨਾਲ ਮੋਹ। ਉਨ੍ਹਾਂ ਦੀਆਂ ਤਿੰਨ ਫ਼ੋਟੋਆਂ ਵੀ ਮੇਰੇ ਪਾਸ ਹਨ। ਇਕ ਬਚਪਨ ਦੀ, ਦੋ ਗਰੁੱਪ ਫ਼ੋਟੋਆਂ। ਇਨ੍ਹਾਂ ਤਿਨਾਂ ਵਿਚ ਉਨ੍ਹਾਂ ਨੇ ਪਗੜੀ ਸਮੇਤ ਸਫ਼ੈਦ ਬਸਤਰ ਪਹਿਨੇ ਹੋਏ ਹਨ। ਸ਼ਾਇਦ ਉਨ੍ਹਾਂ ਸੰਸਕਾਰਾਂ ਦਾ ਹੀ ਇਹ ਅਸਰ ਹੈ ਕਿ ਅੱਜ ਵੀ ਮੈਨੂੰ ਸਫ਼ੈਦ ਕਪੜੇ ਪਹਿਣ ਕੇ ਖ਼ੁਸ਼ੀ ਹੁੰਦੀ ਹੈ। ਭਾਵੇਂ ਇਸ ਵਿਚ ਹੁਣ ਨਾਮਧਾਰੀ ਸਾਧ ਸੰਗਤ ਦੇ ਮੇਲ ਮਿਲਾਪ ਨਾਲ ਇਹ ਰੁਚੀ ਹੋਰ ਵੀ ਪ੍ਰਪੱਕ ਹੋ ਗਈ ਹੈ।

ਕਾਲਜ ਦੇ ਦਿਨਾਂ ਦੀਆਂ ਯਾਦਾਂ– ਕਾਲਜ ਮੈਗਜ਼ੀਨ 'ਦਰਬਾਰ' ਛਪਿਆ। ਮੈਂ ਇਸ ਦੇ ਪੰਜਾਬੀ ਸੈਕਸ਼ਨ ਦਾ ਵਿਦਿਆਰਥੀ ਸੰਪਾਦਕ ਸਾਂ। ਇਸ ਦੇ ਮੁਖ ਸੰਪਾਦਕ ਪ੍ਰੋ. ਸੰਤ ਸਿੰਘ ਸੇਖੋਂ ਸਨ। ਇਸ ਵਿਚ ਮੇਰਾ ਇਕ ਲੇਖ 'ਪੰਜਾਬੀ ਬੋਲੀ ਸਾਡੀ ਮਾਤ ਭਾਸ਼ਾ' ਛਪਿਆ ਸੀ ਅਤੇ ਇਕ ਕਵਿਤਾ ਫਿਰਕੂ ਫ਼ਸਾਦਾਂ ਬਾਰੇ ਛਪੀ ਸੀ, ਜਿਸ ਦੇ ਕੁਝ ਸ਼ਬਦ ਸਨ:

ਯਾਰੋ ਸਾਡੇ ਦੇਸ਼ ਵਿਚ ਹੋਏ ਅੱਤਿਆਚਾਰ,
ਖ਼ੂਨ ਖ਼ਰਾਬਾ ਵੱਢ ਟੁਕ ਵੱਡਾ ਘੱਲੂਘਾਰ।
ਰੂਹ ਪਿਟੀ ਸਾਡੇ ਬਾਬਿਆਂ, ਦੁਹੱਥੜ ਮਾਰ,
ਗੋਰਾ ਲਾਂਭੇ ਹੋ ਗਿਆ, ਸਿਰ ਸਿਰ ਭਾਂਬੜ ਬਾਲ।

ਮੈਂ ਪੜ੍ਹਾਈ ਵੀ ਕਰ ਰਿਹਾ ਸਾਂ ਅਤੇ ਰਾਜਸੀ ਕੰਮਾਂ ਵਿਚ ਦਿਲਚਸਪੀ ਵੀ ਲੈ ਰਿਹਾ ਸਾਂ। ਕੁਝ ਮਜ਼ਦੂਰ ਜਥੇਬੰਦੀਆਂ ਨੂੰ ਜਥੇਬੰਦ ਕਰਨ ਵਿਚ ਹਿੱਸਾ ਪਾਇਆ। ਆਜ਼ਾਦ ਹਿੰਦ ਫ਼ੌਜ ਦੇ ਬਾਨੀ ਜਰਨੈਲ ਮੋਹਨ ਸਿੰਘ ਅਤੇ ਆਜ਼ਾਦ ਹਿੰਦ ਫ਼ੌਜ ਦੇ ਢਿਲੋਂ, ਸਹਿਗਲ, ਸ਼ਾਹਨਵਾਜ ਦੀ ਰਿਹਾਈ ਬਾਰੇ ਵੱਡੇ-ਵੱਡੇ ਜਲੂਸ ਕਢੇ ਗਏ। ਉੱਚੀ-ਉੱਚੀ ਨਾਅਰੇ ਲਗਦੇ ਸਨ।

ਲਾਲ ਕਿਲ੍ਹੇ ਤੋਂ ਆਈ ਆਵਾਜ਼
ਢਿਲੋਂ, ਸਹਿਗਲ, ਸ਼ਾਹਨਵਾਜ
ਜ਼ਿੰਦਾਬਾਦ ! ਜ਼ਿੰਦਾਬਾਦ !

ਨੇਤਰਹੀਣ ਅਵਸਥਾ ਵਿਚ ਸਾਹਿਤਕ ਸਿਰਜਣਾ– 1964 ਵਿਚ ਨੇਤਰਹੀਣ ਹੋ ਜਾਣ ਪਿਛੋਂ ਮੇਰੀ ਹਾਲਤ ਕੁਝ ਇਸ ਤਰ੍ਹਾਂ ਦੀ ਬਣ ਗਈ ਸੀ, ਜਿਸ ਦਾ ਜ਼ਿਕਰ ਮੈਂ ਛੱਤੀ ਅੰਮ੍ਰਿਤ ਨਾਂ ਦੀ ਆਪਣੀ ਕਾਵਿ ਪੁਸਤਕ ਵਿਚ 'ਅੰਧਲੇ ਦੀ ਟੇਕ' ਨਾਂ ਦੀ ਕਵਿਤਾ ਵਿਚ ਇਸ ਤਰ੍ਹਾਂ ਕੀਤਾ ਹੈ:

ਵੇਖਣ ਨੂੰ ਮੈਂ ਅੰਧਲਾ ਜਾਪਾਂ, ਘੋਖਣ ਨੂੰ ਮੈਂ ਚਾਨਣ,
ਦੁਨੀਆਂ ਵਾਲੇ ਖ਼ਬਰੇ ਇਸ ਨੂੰ ਜਾਨਣ ਕਿ ਨਾ ਜਾਨਣ,
ਅੰਧਕਾਰ ਵਿਚ ਤੇਰਾ ਆਸਰਾ, ਹੇ ਮਾਤ ਜਗਦੰਬੇ,
ਤਵ ਪ੍ਰਸਾਦਿ ਇਹ ਦੁਨੀਆਂ ਵਾਲੇ ਸ਼ਾਇਦ ਕਦੇ ਪਛਾਣਨਿ

ਨੇਤਰਹੀਣਤਾ– 1964 ਵਿਚ ਮੈਂ ਤੇ ਪ੍ਰੋ. ਪਰਮਿੰਦਰ ਸਿੰਘ ਪੰਜਾਬੀ ਸਾਹਿਤ ਅਕਾਡਮੀ ਲਈ ਕੁਝ ਫ਼ੰਡ ਇਕੱਠਾ ਕਰਨ ਲਈ ਕਾਨਪੁਰ ਗਏ ਸਾਂ। ਉਥੋਂ ਵਾਪਿਸ ਆ ਕੇ ਮੈਂ ਪਿੰਡ ਕਸੇਲ ਗਿਆ ਜਿੱਥੇ ਬਾਬਾ ਹਰਨਾਮ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਵਰ੍ਹੀਣੇ ਦਾ ਪਾਠ ਰੱਖਿਆ ਹੋਇਆ ਸੀ। ਜਦੋਂ ਸਰਦੀਆਂ ਦੀਆਂ ਛੁੱਟੀਆਂ ਮੁਕਾ ਕੇ ਮੈਂ ਲੁਧਿਆਣੇ ਵਾਪਸ ਪਹੁੰਚਿਆ ਤਾਂ ਦੂਜੇ-ਤੀਜੇ ਦਿਨ ਪੰਜਾਬੀ ਸਾਹਿਤ ਅਕਾਡਮੀ ਦੇ ਅੰਤਰਿੰਗ ਬੋਰਡ ਦੀ ਇਕੱਤਰਤਾ ਤੋਂ ਪਿਛੋਂ ਅ ਸੀਂ ਘਰਾਂ ਨੂੰ ਵਾਪਿਸ ਆ ਰਹੇ ਸਾਂ ਤਾਂ ਸਰਕਾਰੀ ਕਾਲਜ ਦੇ ਸਾਹਮਣੇ ਵਾਲੀ ਗਲੀ, ਜੋ ਘੁਮਾਰ ਮੰਡੀ ਨੂੰ ਜਾਂਦੀ ਹੈ, ਵਿਚ ਆ ਕੇ ਮੈਨੂੰ ਕੁਝ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਮੇਰੀ ਅੱਖ ਵਿਚ ਕੋਈ ਸਖ਼ਤ ਚੀਜ਼ ਪੈ ਗਈ ਹੋਵੇ। ਮੈਂ ਪਰਮਿੰਦਰ ਸਿੰਘ ਨੂੰ ਸਾਈਕਲ ਰੋਕ ਕੇ ਖਲੋਣ ਲਈ ਕਿਹਾ। ਮੇਰੀ ਅੱਖ ਵਿਚ ਕੋਈ ਸਖ਼ਤ ਚੀਜ਼ ਪੈ ਗਈ ਸੀ। ਮੈਂ ਰੁਮਾਲ ਨਾਲ ਅੱਖ ਨੂੰ ਪੂੰਝਿਆ ਅਤੇ ਅਸੀਂ ਅੱਗੇ ਵੱਲ ਚੱਲ ਪਏ।

ਜਦੋਂ ਮੈਂ ਘਰ ਪੁੱਜਾ ਤਾਂ ਇਕ ਕਰੋਸ਼ੀਏ ਦੇ ਸਿਰੇ ਵਰਗਾ ਗੋਲ ਲਾਲ ਚੱਕਰ ਮੈਨੂੰ ਅੱਖ ਵਿਚ ਦਿਖਾਈ ਦਿੱਤਾ। ਫਿਰ ਸਹਿਜੇ-ਸਹਿਜੇ ਅੰਦਰਲੀ ਅੱਖ ਵਿਚ ਸਫ਼ੈਦੀ ਦੀ ਥਾਂ

ਘਸਮੈਲਾਪਣ ਆਉਣ ਲਗਾ। ਜਦ ਦੂਜੇ ਦਿਨ ਉਹ ਵਧਦਾ ਗਿਆ ਤਾਂ ਮੈਨੂੰ ਕੁਝ ਚਿੰਤਾ ਵੀ ਹੋਈ। ਉਸ ਦਿਨ ਮੈਂ ਕਾਲਜ ਵੀ ਗਿਆ, ਪਰ ਨਿਗਾਹ ਵਿਚ ਘਸਮੈਲਾਪਣ ਆਉਣ ਕਰਕੇ ਵਧੇਰੇ ਫ਼ਿਕਰ ਹੋਇਆ। ਪ੍ਰੋ. ਪ੍ਰੀਤਮ ਸਿੰਘ ਜੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਮੈਨੂੰ ਡਾ. ਦਲਜੀਤ ਸਿੰਘ, ਜੋ ਅੱਖਾਂ ਦੇ ਮਾਹਿਰ ਡਾਕਟਰ ਹਨ, ਜੋ ਉਨ੍ਹਾਂ ਦਿਨਾਂ ਵਿਚ ਸਿਧਵਾਂ ਬੇਟ ਦੇ ਸਰਕਾਰੀ ਹਸਪਤਾਲ ਵਿਚ ਲਗੇ ਹੋਏ ਸਨ, ਕੋਲ ਜਾਣ ਲਈ ਕਿਹਾ। ਪਹਿਲਾਂ-ਪਹਿਲ ਤਾਂ ਉਨ੍ਹਾਂ ਨੇ ਸਾਧਾਰਨ ਗੱਲ ਹੀ ਸਮਝੀ, ਪਰ ਜਦੋਂ ਮੈਨੂੰ ਅੰਦਰ ਲਿਜਾ ਕੇ ਉਨ੍ਹਾਂ ਨੇ ਵਿਸ਼ੇਸ਼ ਉਪਕਰਨਾਂ ਰਾਹੀਂ ਮੇਰੀਆਂ ਅੱਖਾਂ ਦੀ ਜਾਂਚ ਕੀਤੀ ਤਾਂ ਇਕਦਮ ਗੰਭੀਰ ਹੋ ਗਏ। ਕਹਿਣ ਲੱਗੇ, "ਚਿੰਤਾ ਵਾਲੀ ਤਾਂ ਕੋਈ ਗੱਲ ਨਹੀਂ, ਤੁਸੀਂ ਸੀ. ਐੱਮ. ਸੀ. ਹਸਪਤਾਲ ਜਾ ਕੇ ਡਾ. ਫ਼ਰੈਂਕਨ ਦੇ ਨਾਂ ਇਕ ਚਿੱਠੀ ਵੀ ਦੇ ਦਿੱਤੀ।

ਡਾ. ਸਾਈਮਨ ਫ਼ਰੈਂਕਨ ਡੱਚ ਸਨ ਤੇ ਸੀ. ਐੱਮ. ਸੀ. ਹਸਪਤਾਲ ਵਿਚ ਨੇਤਰ ਵਿਭਾਗ ਦੇ ਮੁਖੀ ਸਨ। ਉਨ੍ਹਾਂ ਨੇ ਜਦੋਂ ਅੰਦਰ ਲਿਜਾ ਕੇ ਮੇਰੀਆਂ ਅੱਖਾਂ ਦਾ ਮੁਆਇਨਾ ਕੀਤਾ ਅਤੇ ਖ਼ਾਸ ਮਸ਼ੀਨਾਂ ਦੁਆਰਾ ਜਾਂਚ-ਪੜਤਾਲ ਕੀਤੀ ਤਾਂ ਉਹ ਇਕਦਮ ਗੰਭੀਰ ਹੋ ਗਏ, ਕਹਿਣ ਲਗੇ 'ਫ਼ਿਕਰ ਕਰਨ ਦੀ ਕੋਈ ਬਾਤ ਨਹੀਂ, ਪਰ ਕੁਝ ਸਮਾਂ ਲੰਮਾ ਇਲਾਜ ਚਲੇਗਾ। ਤੁਸੀਂ ਕੋਈ ਫ਼ਿਕਰ ਨਹੀਂ ਕਰਨਾ ਹੈ ਜੀ।' ਬੱਸ ਇਹ ਸੀ ਮੇਰੇ ਅੱਖਾਂ ਦੇ ਰੋਗ ਦਾ ਆਰੰਭ, ਜਿਸ ਨੇ ਮਾਹਿਰ ਡਾਕਟਰਾਂ ਵੱਲੋਂ ਕੀਤੇ ਗਏ ਇਲਾਜ ਉਪਰੰਤ ਵੀ ਮੈਨੂੰ ਦ੍ਰਿਸ਼ਟੀਵਾਨ ਤੋਂ ਸਹਿਜੇ-ਸਹਿਜੇ ਨੇਤਰਹੀਣ ਬਣਾ ਦਿੱਤਾ।

ਕਾਫ਼ੀ ਚਿਰ-ਲੰਮੇ ਸਮੇਂ ਲਈ ਮੇਰਾ ਇਲਾਜ ਸੀ.ਐੱਮ.ਸੀ. ਹਸਪਤਾਲ ਵਿਚ ਚੱਲਦਾ ਰਿਹਾ। ਕਦੀ ਬਾਹਰਲੇ ਰੋਗੀ ਦੇ ਰੂਪ ਵਿਚ ਅਤੇ ਕਦੀ ਵਾਰਡ ਵਿਚ ਦਾਖ਼ਲ ਹੋ ਕੇ ਅੰਦਰਲੇ ਰੋਗੀ ਦੀ ਹਾਲਤ ਵਿਚ। ਮੈਨੂੰ ਵਾਰਡ ਨੰ: 10 ਵਿਚ ਰਖਿਆ ਗਿਆ, ਜਿਸ ਦੇ ਲੰਮੇਰੇ ਬਿਰਤਾਂਤ ਨੂੰ ਮੈਂ ਆਪਣੇ ਨਾਵਲ ਵਾਰਡ ਨੰ: 10 ਵਿਚ ਬੜੇ ਵਿਸਥਾਰ ਨਾਲ ਬਿਆਨ ਕੀਤਾ ਹੈ। ਇਲਾਜ ਪੂਰੀ ਸੁਹਿਰਦਤਾ ਨਾਲ ਅੱਖਾਂ ਦੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਡਾ. ਸਾਈਮਨ ਫ਼ਰੈਂਕਨ ਅਤੇ ਉਨ੍ਹਾਂ ਦੇ ਸਾਥੀ ਕਰ ਰਹੇ ਸਨ, ਪਰ ਮੇਰਾ ਅੰਦਰਲਾ ਹਿਰਦਾ ਸਚੁਮੱਚ ਹੀ ਡੋਲ ਗਿਆ ਸੀ। ਅੱਖਾਂ ਉਤੇ ਇਕ ਕਾਲੇ ਕਾਗ਼ਜ਼ਾਂ ਦੀ ਐਨਕ ਲਗਾ ਕੇ ਇਕ ਪਿੰਨ ਪੁਆਇੰਟ ਵਿਚੋਂ ਵੇਖਣ ਲਈ ਕਿਹਾ ਸੀ। ਜਦੋਂ ਮੈਂ ਡਾ. ਫ਼ਰੈਂਕਨ ਨੂੰ ਕਹਿੰਦਾ- 'ਡਾਕਟਰ ਸਾਹਿਬ, ਮੇਰੀ ਛਾਤੀ ਦੁੱਖਣ ਲਗ ਪਈ ਹੈ' ਤਾਂ ਉਹ ਮੇਰੀਆਂ ਅੱਖਾਂ ਨੂੰ ਹੱਥ ਲਾ ਕੇ ਕਹਿੰਦੇ। ਇਹ ਬਹੁਤ ਜ਼ਰੂਰੀ ਹਨ- 'ਯੂਅਰ ਆਈਜ਼ ਆਰ ਮੋਰ ਇੰਮਪਾਰਤੈਂਤ' ਅਜਿਹੀ ਹਾਲਤ ਵਿਚ ਹੀ ਹਸਪਤਾਲ ਵਿਚ ਮੇਰੇ ਉਤੇ ਇਕ ਅਪਾਰ ਕਿਰਪਾ ਹੋਈ। ਉਹ ਸੀ ਹਸਪਤਾਲ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮੇਰਾ ਹਾਲ-ਪੁੱਛਣ ਆਉਣਾ। ਹਾਲ-ਚਾਲ ਕੀ, ਉਹ ਤਾਂ ਜੀਵਨ ਦੇ ਇਸ ਰਣਖੇਤਰ ਵਿਚ ਜਿਸ ਵਿਚ ਮੈਂ ਇਕ ਭੀਸ਼ਣ ਰੋਗ ਵਿਚ ਗ੍ਰਸਿਆ ਘੋਲ ਕਰ ਰਿਹਾ ਸਾਂ, ਵਿਚ ਮੇਰੀ ਢਾਲ ਬਣ ਕੇ ਆਏ। ਪਤਾ ਨਹੀਂ ਕਿਵੇਂ, ਆਪ ਜੀ ਨੂੰ ਖ਼ਬਰ ਮਿਲੀ। ਸ਼ਾਇਦ ਕੁਝ ਦਿਨ ਪਹਿਲਾਂ ਮੇਰੇ ਮਾਤਾ ਜੀ ਉਨ੍ਹਾਂ ਦਾ ਦਰਸ਼ਨ ਕਰਨ ਲਈ ਅਤੇ ਬੇਨਤੀ ਕਰਨ ਲਈ ਸ੍ਰੀ ਭੈਣੀ ਸਾਹਿਬ ਗਏ ਸਨ। ਜਦੋਂ ਸ੍ਰੀ ਸਤਿਗੁਰੂ ਜੀ ਮੇਰੇ ਕੋਲ ਆ ਕੇ ਖੜੇ ਸਨ ਤਾਂ ਮੈਂ ਉਹ ਮਾਲਾ ਜੋ ਕਦੀ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਲੇਖਕਾਂ ਦੀ ਪੰਜਾਬੀ ਕਾਨਫਰੰਸ ਤੋਂ ਪਿਛੋਂ ਬਖ਼ਸ਼ੀ ਸੀ, ਉਹ ਮੇਰੇ ਕੋਲ ਸੀ। ਮਾਲਾ ਤਾਂ ਮੇਰੇ ਕੋਲ ਸੀ, ਪਰ ਗੁਰਮੰਤਰ ਬਾਰੇ ਮੈਨੂੰ ਥਓ ਪਤਾ ਨਹੀਂ ਸੀ। ਮੈਂ ਅਰਜ਼ ਕੀਤੀ ਸੱਚੇ ਪਾਤਸ਼ਾਹ ! ਇਹ ਮਾਲਾ ਤਾਂ ਤੁਸਾਂ ਮੈਨੂੰ ਬਖ਼ਸ਼ੀ ਸੀ, ਮੈਨੂੰ ਅਗਲਾ ਮਾਰਗ ਵੀ ਦੱਸ ਦਿਓ, ਆਪ ਜੀ ਨੇ ਉਨ੍ਹਾਂ ਦੇ ਨਾਲ ਆਏ ਇਕ ਸੂਬਾ ਜੀ ਨੂੰ ਹੁਕਮ ਦਿਤਾ- 'ਪ੍ਰੋ. ਕਸੇਲ ਜੀ ਨੂੰ ਭਜਨ ਦੱਸ ਦਿਓ।' ਸੂਬਾ ਜੀ ਨੇ ਮੇਰੇ ਦੋਹਾਂ ਕੰਨਾਂ ਵਿਚ ਗੁਰਮੰਤਰ ਦਾ ਨਾਮ-ਨਾਦ ਸੁਣਾ ਦਿਤਾ ਅਤੇ ਬਸ ਮੇਰੀ ਅਵਸਥਾ ਕੁਝ ਅਜਿਹੀ ਅਡੋਲ ਹੋ ਗਈ, ਜਿਸ ਦਾ ਵਰਣਨ ਸੁਖਮਨੀ ਸਾਹਿਬ ਵਿਚ ਆਉਂਦਾ ਹੈ:

ਜਿਉ ਮੰਦਰ ਕਉ ਥਾਮੈ ਥੰਮਨੁ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥

ਗੁਰਮੰਤਰ ਦੀ ਬਖ਼ਸ਼ਿਸ਼ ਨੇ ਮੇਰੇ ਮਨ ਦੇ ਡੋਲਦੇ ਜਹਾਜ਼ ਨੂੰ ਅਡੋਲ ਕਰ ਦਿਤਾ ਅਤੇ ਮੈਂ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਮੇਰੀ ਹਾਲਤ ਸੂਫ਼ੀ ਦਰਵੇਸ਼ ਸ਼ਾਹ ਹੁਸੈਨ ਦੇ ਅਨਮੋਲ ਬੋਲਾਂ ਵਾਲੀ ਹੋ ਗਈ:

ਸਾਈ ਜਿਨ੍ਹਾਂ ਦੇ ਵਲ, ਤਿਨ੍ਹਾਂ ਨੂੰ ਗ਼ਮ ਕੈਂਦਾ ਵੇ ਲੋਕਾ।

ਕੁਝ ਦਿਨਾਂ ਪਿਛੋਂ ਡਾ. ਸਾਈਮਨ ਫਰੈਂਕਨ ਨੇ ਮੇਰੀ ਖੱਬੀ ਅੱਖ ਦਾ ਅਪਰੇਸ਼ਨ ਕਰਨ ਦਾ ਨਿਰਣੇ ਕੀਤਾ। ਅਪਰੇਸ਼ਨ ਦੀ ਤਿਆਰੀ ਹੋ ਚੁੱਕੀ ਸੀ। ਜਦੋਂ ਬਿਸਤਰੇ ਤੋਂ ਚੁੱਕ ਕੇ ਮੈਨੂੰ ਟਰਾਲੀ ਤੇ ਲਿਟਾ ਕੇ ਅਪਰੇਸ਼ਨ ਥੀਏਟਰ ਵੱਲ ਲਿਜਾ ਰਹੇ ਸਨ ਤਾਂ ਮੈਨੂੰ ਇੰਝ ਆਭਾਸ ਹੋਇਆ ਕਿ ਸ੍ਰੀ ਸਤਿਗੁਰੂ ਜੀ ਮੇਰੇ ਨਾਲ-ਨਾਲ ਹੀ ਜਾ ਰਹੇ ਹਨ ਅਤੇ ਜਦੋਂ ਮੈਂ ਅਪਰੇਸ਼ਨ ਟੇਬਲ ਉਤੇ ਲੇਟਿਆ ਹੋਇਆ ਸਾਂ ਤਾਂ ਉਦੋਂ ਵੀ ਆਪ ਜੀ ਮੇਰੇ ਕੋਲ ਖੜ੍ਹੇ ਸਨ।

ਅਜਿਹੇ ਹਮਦਰਦ ਤੇ ਮਾਹਿਰ ਡਾਕਟਰ ਤੋਂ ਇਲਾਜ ਕਰਵਾਉਣ ਦੇ ਬਾਵਜੂਦ ਮੇਰੀ ਹਾਲਤ ਵਿਚ ਕੋਈ ਵਿਸ਼ੇਸ਼ ਸੁਧਾਰ ਨਾ ਹੋਇਆ। ਇਲਾਜ ਭਾਵੇਂ ਸੀ.ਐੱਮ.ਸੀ. ਹਸਪਤਾਲ ਦਾ ਚੱਲ ਰਿਹਾ ਸੀ, ਪਰ ਅੱਖਾਂ ਦੇ ਉਸੇ ਭਾਗ ਵਿਚ ਮੁੜ-ਮੁੜ ਖ਼ੂਨ ਦੇ ਕਲਾਟ ਆ ਰਹੇ ਸਨ। ਫਿਰ ਦੂਜੀ ਅੱਖ ਨੂੰ ਵੀ ਇਸੇ ਰੋਗ ਨੇ ਆ ਗ੍ਰਸਿਆ।

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਜਦੋਂ ਮੇਰੀ ਇਸ ਸਥਿਤੀ ਦਾ ਪਤਾ ਲੱਗਾ ਤਾਂ ਉਹ ਮੈਨੂੰ ਸ੍ਰੀ ਜੀਵਨ ਨਗਰ ਲੈ ਗਏ, ਜਿਥੇ ਉਨ੍ਹਾਂ ਦੇ ਨਿਜੀ ਵੈਦ ਡਾਕਟਰ ਤਰਲੋਕ ਸਿੰਘ ਨੇ ਮੇਰਾ ਕੁਦਰਤੀ ਚਿਕਿਤਸਾ ਪ੍ਰਣਾਲੀ ਨਾਲ ਇਲਾਜ ਕਰਨਾ ਸ਼ੁਰੂ ਕਰ ਦਿਤਾ। ਟੱਬ ਇਸ਼ਨਾਨ, ਭਾਫ਼ ਇਸ਼ਨਾਨ ਅਤੇ ਲੰਮਾ ਉਪਵਾਸ ਕਰਵਾਇਆ, ਜੋ ਲਗਭਗ ਢਾਈ ਮਹੀਨੇ ਤੱਕ ਜਾਰੀ ਰਿਹਾ। ਸ੍ਰੀ ਸਤਿਗੁਰੂ ਜੀ ਜਦੋਂ ਜੀਵਨ ਨਗਰ ਆਉਂਦੇ ਤਾਂ ਉਨ੍ਹਾਂ ਦੇ ਦਰਸ਼ਨ ਕਰ ਕੇ ਮਨ ਨੂੰ ਬੜੀ ਧਰਵਾਸ ਮਿਲਦੀ। ਮੇਰੇ ਸੀ.ਐੱਮ.ਸੀ. ਵਾਲੇ ਦੋਸਤ ਫਰੈਡੀ ਜੋਜ਼ਫ ਨੇ ਇਨ੍ਹਾਂ ਦਿਨਾਂ ਵਿਚ ਮੇਰੀ ਬੜੀ ਟਹਿਲ ਸੇਵਾ ਕੀਤੀ। ਭਾਵੇਂ ਕੁਦਰਤੀ ਇਲਾਜ ਕਾਰਨ ਮੇਰੇ ਸਰੀਰ ਅੰਦਰ ਕਮਜ਼ੋਰੀ ਆ ਗਈ ਸੀ, ਪਰ ਮਾਨਸਿਕ ਤੌਰ 'ਤੇ ਮੈਂ ਚੜ੍ਹਦੀਕਲਾ ਵਿਚ ਸਾਂ। ਸਤਿਗੁਰੂ ਜੀ ਨੇ ਆਤਮਿਕ ਸ਼ਕਤੀ ਪ੍ਰਦਾਨ ਕਰ ਦਿਤੀ ਸੀ। ਕੁਝ ਦਿਨ ਮੇਰਾ ਵੱਡਾ ਲੜਕਾ ਤੇਜਬੀਰ ਸਿੰਘ ਵੀ ਉਥੇ ਰਿਹਾ। ਮਹਿੰਦਰਜੀਤ ਤੇ ਉਸਤਾਦ (ਯਮਲਾ) ਜੀ ਵੀ ਕਈ ਵਾਰ ਚੱਕਰ ਮਾਰ ਜਾਂਦੇ ਸਨ। ਸਤਿਗੁਰੂ ਜੀ ਸੰਗੀਤ ਕਲਾ ਦੇ ਪ੍ਰੇਮੀਆਂ ਤੇ ਕਲਾਕਾਰਾਂ ਨੂੰ ਸਦਾ ਨਿਵਾਜਦੇ ਰਹਿੰਦੇ ਹਨ। ਉਸਤਾਦ ਜੀ ਉਤੇ ਵੀ ਉਨ੍ਹਾਂ ਦੀ ਮਿਹਰ ਦੀ ਨਜ਼ਰ ਸੀ ਤੇ ਆਪ ਲਾਲ ਚੰਦ ਦੀ ਥਾਂ ਕਈ ਵਾਰ ਉਸ ਨੂੰ 'ਰੈੱਡ ਮੂਨ' ਕਹਿ ਕੇ ਬੁਲਾਉਂਦੇ ਹੁੰਦੇ ਸਨ। ਮੈਂ ਤਿੰਨ-ਚਾਰ ਮਹੀਨੇ ਸ੍ਰੀ ਜੀਵਨ ਨਗਰ ਹੀ ਰਿਹਾ, ਡਾ. ਤਰਲੋਕ ਸਿੰਘ ਦਾ ਕੁਦਰਤੀ ਇਲਾਜ ਜਾਰੀ ਰਿਹਾ ਅਤੇ ਨਾਲ-ਨਾਲ ਹੀ ਮੈਂ ਨਿਤਨੇਮ ਤੇ ਸ਼ਾਮ ਦੇ ਦੀਵਾਨ ਵਿਚ ਹਾਜ਼ਰੀ ਵੀ ਭਰਦਾ ਰਿਹਾ। ਮੈਨੂੰ ਕਈ ਨਾਮਧਾਰੀ ਸੰਤ ਪੁਰਸ਼ਾਂ ਤੇ ਉਥੋਂ ਦੇ ਸਥਾਨਕ ਲੇਖਕਾਂ ਨਾਲ ਵੀ ਮੇਲ-ਜੋਲ ਦਾ ਮੌਕਾ ਮਿਲਿਆ। ਮਾ. ਨਿਹਾਲ ਸਿੰਘ ਜੀ, ਸੰਤ ਤਰਨ ਸਿੰਘ ਵਹਿਮੀ ਤੇ ਹੋਰ ਬਹੁਤ ਸਾਰੇ ਸੱਜਣ ਮਿਲਦੇ-ਜੁਲਦੇ ਰਹੇ। ਮਹਾਰਾਜ ਬਾਬਾ ਬੀਰ ਸਿੰਘ ਤੇ ਬੇਬੇ ਜੀ ਵੀ ਸਤਿਗੁਰੂ ਜੀ ਦੀ ਗ਼ੈਰ-ਹਾਜ਼ਰੀ ਵਿਚ ਵਿਸ਼ੇਸ਼ ਤੌਰ 'ਤੇ ਧਿਆਨ ਰੱਖਦੇ ਰਹੇ। ਕੁਦਰਤੀ ਇਲਾਜ ਨਾਲ ਮੇਰੀ ਨਿਗ੍ਹਾ ਵਿਚ ਤਾਂ ਸੁਧਾਰ ਨਾ ਹੋ ਸਕਿਆ, ਪਰ ਜਿਹੜਾ ਖ਼ੂਨ ਬਾਰ-ਬਾਰ ਅੱਖਾਂ ਵਿਚ ਆਉਂਦਾ ਸੀ, ਉਹ ਬੰਦ ਹੋ ਗਿਆ।

ਜਦੋਂ ਮੈਂ ਜੀਵਨ ਨਗਰ ਵਿਚ ਕੁਦਰਤੀ ਇਲਾਜ ਕਰਵਾ ਰਿਹਾ ਸਾਂ ਤਾਂ ਇਕ ਦਿਨ ਦੁਪਹਿਰ ਸਮੇਂ ਜਦੋਂ ਮੈਂ ਬਾਹਰ ਮੰਜੇ ਉਤੇ ਧੁੱਪ ਵਿਚ ਲੇਟਿਆ ਹੋਇਆ ਸਾਂ ਤਾਂ ਮੈਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ, ਜਿਨ੍ਹਾਂ ਦੇ ਚਰਨ ਛੂਹਣ ਦਾ ਮੈਨੂੰ ਸੁਪਨੇ ਵਿਚ ਹੀ ਸੁਭਾਗ ਪ੍ਰਾਪਤ ਹੋਇਆ। ਜਦੋਂ ਮੈਂ ਦੂਜੇ ਦਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਹ ਗੱਲ ਦਸੀ ਤਾਂ ਆਪ ਜੀ ਨੇ ਬਚਨ ਕੀਤਾ ਕਿ, 'ਸੇਠ ਤਰਲੋਕ ਸਿੰਘ ਕਹਿੰਦੇ ਹੁੰਦੇ ਨੇ, ਜਦੋਂ ਇਸ ਤਰ੍ਹਾਂ ਸਤਿਗੁਰੂ ਜੀ ਦੇ ਦਰਸ਼ਨ ਹੁੰਦੇ ਨੇ, ਤਾਂ ਕੋਈ ਵੱਡਾ ਇਨਾਮ ਕਰਾਮ ਪ੍ਰਾਪਤ ਹੁੰਦਾ ਹੈ।' ਮੈਂ ਅਰਜ਼ ਕੀਤੀ, 'ਸੱਚੇ ਪਾਤਸ਼ਾਹ ! ਉਹ ਬਖ਼ਸ਼ਿਸ਼ ਤਾਂ ਮੇਰੇ ਉਤੇ ਵੱਡੇ ਸਤਿਗੁਰੂ ਜੀ ਵਲੋਂ ਹੋ ਗਈ, ਪਰ ਇਹ ਜੋ ਮੋਹਰ ਤੁਸਾਂ ਲਗਾ ਦਿਤੀ ਹੈ, ਇਹ ਵੀ ਮੇਰੇ ਵਡਭਾਗ ਹਨ।' ਇਕ ਵਾਰ ਮੈਂ ਤੇ ਮੇਰਾ ਸਹਾਇਕ ਫਰੈਡੀ ਜੋਜ਼ਫ ਜਦੋਂ ਬਾਹਰ ਸੈਰ ਕਰਨ ਲਈ ਗਏ ਤਾਂ ਸਤਿਗੁਰੂ ਜੀ ਦੇ ਰਸਤੇ ਵਿਚ ਹੀ ਦਰਸ਼ਨ ਹੋਏ। ਪਤਾ ਨਹੀਂ ਉਨ੍ਹਾਂ ਨਾਲ ਹੋਰ ਕਿਹੜੇ ਸਰੀਰ ਸਨ। ਆਪ ਜੀ ਨੇ ਮੇਰੇ ਵੱਲ ਇਸ਼ਾਰਾ ਕਰਕੇ ਇਹ ਬਚਨ ਤਿੰਨ ਵਾਰ ਆਪਣੇ ਮੁਖਾਰਬਿੰਦ ਤੋਂ ਦੁਹਰਾਏ, 'ਇਨ੍ਹਾਂ ਉਤੇ ਸਤਿਗੁਰੂ ਜੀ ਦੀ ਬੜੀ ਕਿਰਪਾ ਹੈ। ਸਤਿਗੁਰੂ ਦੀ ਬੜੀ ਕਿਰਪਾ ਹੈ। ਸਤਿਗੁਰੂ ਜੀ ਦੀ ਬੜੀ ਕਿਰਪਾ ਹੈ।' ਇਸ ਤੋਂ ਬਾਅਦ ਮੈਂ ਲੁਧਿਆਣੇ ਆ ਗਿਆ।

ਮੈਂ ਪੁਸਤਕ 'ਇੰਦਰ ਧਨੁਸ਼' ਦੇ ਲੇਖ ਲਿਖਾਉਣੇ ਆਰੰਭ ਕੀਤੇ। ਇਸ ਪੁਸਤਕ ਦਾ ਸਿਰਲੇਖ ਵੀ ਮੈਂ ਆਪਣੀ 'ਛੱਤੀ ਅੰਮ੍ਰਿਤ' ਦੀ ਕਵਿਤਾ ਦੀ ਇਕ ਪੰਕਤੀ 'ਸਹੇ ਨਾ ਜਾਂਦੇ ਅੜੀਓ, ਮੈਥੋਂ ਇੰਦਰ ਧਨੁਸ਼ ਦੇ ਬਾਣ' ਤੋਂ ਲਿਆ ਸੀ। ਇੰਦਰ ਧਨੁਸ਼ ਦੇ ਸੱਤ ਰੰਗਾਂ ਸਮਾਨ ਸੱਤ ਲੇਖ ਲਿਖਣ ਦਾ ਵਿਚਾਰ ਸੀ। ਹਾਲੀ ਮੈਂ ਪਹਿਲਾ ਲੇਖ 'ਕਲਾ ਤੇ ਕਲਾਕਾਰ ਦੀ ਮਹਿਮਾ' ਲਿਖਵਾਉਣਾ ਸ਼ੁਰੂ ਹੀ ਕੀਤਾ ਸੀ ਕਿ ਮੈਨੂੰ ਸੁਨੇਹਾ ਪੁੱਜਾ ਕਿ ਸਤਿਗੁਰੂ ਜੀ ਘਰ ਆ ਕੇ ਦਰਸ਼ਨ ਦੇਣਗੇ ਪਰ ਕਿਸੇ ਖਾਸ ਰੁਝੇਵੇਂ ਕਰਕੇ ਆਪ ਦਰਸ਼ਨ ਨਾ ਦੇ ਸਕੇ, ਪਰ ਅਗਲੇ ਦਿਨ ਗੱਡੀ ਭੇਜ ਕੇ ਮੈਨੂੰ ਨਾਮਧਾਰੀ ਧਰਮਸ਼ਾਲਾ ਵਿਖੇ ਬੁਲਾ ਲਿਆ। ਮੈਂ ਆਪਣੇ ਬੇਟੇ ਤੇਜਬੀਰ ਸਿੰਘ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਚਲਾ ਗਿਆ ਤੇ 'ਇੰਦਰ ਧਨੁਸ਼' ਦੇ ਕੁਝ ਪੰਨੇ, ਜੋ ਮੈਂ ਲਿਖੇ ਸਨ, ਉਹ ਨਾਲ ਲੈ ਗਿਆ। ਹੋਰ ਬਚਨ ਬਿਲਾਸ ਤੋਂ ਪਿਛੋਂ ਮੈਂ ਆਪਣੇ ਬੇਟੇ ਨੂੰ ਕਿਹਾ, 'ਜੋ ਲਿਖ ਕੇ ਲਿਆਏ ਹਾਂ, ਉਹ ਸਤਿਗੁਰੂ ਜੀ ਨੂੰ ਸੁਣਾ ਦਿਓ।' ਜਦੋਂ ਇਕ ਦੋ ਪੰਨੇ ਪੜ੍ਹ ਕੇ ਸੁਣਾਏ ਗਏ ਤਾਂ ਸਾਹਿਤਕਾਰਾਂ ਤੇ ਕਲਾਕਾਰਾਂ ਨੂੰ ਸਦਾ ਨਿਵਾਜਣ ਵਾਲੇ ਗੁਰੂ

ਘਰ ਦੇ ਮਾਲਕ ਬੜੇ ਪ੍ਰਸੰਨ ਹੋਏ। ਉਨ੍ਹਾਂ ਤੋਂ ਮੈਨੂੰ ਇਹ ਵਰ ਪ੍ਰਾਪਤ ਹੋਇਆ- **"ਜੋ ਲਿਖੋਗੇ ਠੀਕ ਹੋਵੇਗਾ"** ਇਸ ਤੋਂ ਪਿਛੋਂ ਮੈਂ ਜੋ ਕੁਝ ਵੀ ਅੱਜ ਤੱਕ ਲਿਖਿਆ ਹੈ, ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਤੇ ਅਰਦਾਸ ਕਰਕੇ ਹੀ ਲਿਖਿਆ ਹੈ ਅਤੇ ਸ੍ਰੀ ਸਤਿਗੁਰੂ ਜੀ ਨੇ ਮੇਰੀ ਰਚਨਾ ਦੀ ਸਦਾ ਲਾਜ ਰਖੀ ਹੈ। ਮੇਰੀਆਂ ਰਚਨਾਵਾਂ ਦੇ ਅਨੇਕ ਦੋਸ਼ ਤਾਂ ਮੇਰੇ ਆਪਣੇ ਹਨ, ਪਰ ਇਨ੍ਹਾਂ ਦੀਆਂ ਸਭ ਵਿਸ਼ੇਸ਼ਤਾਵਾਂ, ਖ਼ੂਬੀਆਂ ਤੇ ਗੁਣ ਸ੍ਰੀ ਸਤਿਗੁਰੂ ਜੀ ਦੇ ਬਖ਼ਸ਼ੇ ਹੋਏ ਹਨ। ਪੁਸਤਕ 'ਇੰਦਰ ਧਨੁਸ਼' ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਸਮਰਪਿਤ ਹੈ ਅਤੇ ਇਸ ਵਿਚ ਦੋ ਲੇਖ 'ਚਰਨ-ਕੰਵਲ-1, ਚਰਨ ਕੰਵਲ-2' ਸ੍ਰੀ ਸਤਿਗੁਰੂ ਜੀ ਦੀ ਬਖ਼ਸ਼ੀ ਹੋਈ ਭਾਓ-ਭਗਤ ਦੇ ਹੀ ਵਹਿੰਦੇ ਚਸ਼ਮੇ ਹਨ, ਜਿਨ੍ਹਾਂ ਵਿਚ ਗੁਰੂ ਘਰ ਦੀ ਮਹਿਮਾ ਦਾ ਹੀ ਬਖਾਨ ਕੀਤਾ ਗਿਆ ਹੈ।

ਮੈਂ ਇਕ ਦਿਨ ਆਪਣੇ 229 ਨਿਊ ਮਾਡਲ ਟਾਊਨ (ਲੁਧਿਆਣਾ) ਵਾਲੇ ਕਿਰਾਏ ਦੇ ਘਰ ਵਿਚ ਬੈਠਾ ਸਾਂ ਕਿ ਅਚਾਨਕ ਭਾਸ਼ਾ ਵਿਭਾਗ ਦੇ ਸਾਬਕਾ ਸਹਾਇਕ ਡਾਇਰੈਕਟਰ ਪ੍ਰਸਿੱਧ ਨਾਟਕਕਾਰ ਸ. ਕਪੂਰ ਸਿੰਘ ਘੁੰਮਣ ਆ ਪਹੁੰਚੇ ਤੇ ਉਨ੍ਹਾਂ ਮੈਨੂੰ ਦੱਸਿਆ ਕਿ ਇਸ ਸਾਲ ਭਾਸ਼ਾ ਵਿਭਾਗ ਵਲੋਂ ਪੰਜਾਬ ਸਰਕਾਰ ਨੇ ਤੁਹਾਨੂੰ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨ ਦੇਣ ਦਾ ਫੈਸਲਾ ਕੀਤਾ ਹੈ ਅਤੇ ਤੁਹਾਡੀ ਲਿਖੀ ਪੁਸਤਕ 'ਇੰਦਰ ਧਨੁਸ਼' ਨੂੰ ਵੀ ਪੁਰਸਕਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਮੈਨੂੰ 27 ਮਾਰਚ 1968 ਦੀ ਤਾਰੀਖ਼ ਵੀ ਦੱਸ ਦਿੱਤੀ, ਜਿਸ ਦਿਨ ਇਹ ਸਨਮਾਨ ਪਟਿਆਲੇ ਦੀ ਸੈਂਟਰਲ ਲਾਇਬਰੇਰੀ ਵਿਚ ਦਿੱਤਾ ਜਾਣਾ ਸੀ, ਸੁਤੇ ਸਿਧ ਹੀ ਮੇਰੇ ਅੰਦਰਲੇ ਨੇ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕੀਤਾ, ਜਿਨ੍ਹਾਂ ਸ੍ਰੀ ਜੀਵਨ ਨਗਰ ਵਿਖੇ ਇਹ ਬੋਲ ਉਚਾਰ ਕੇ ਮੈਨੂੰ ਅਸੀਸ ਦਿਤੀ ਸੀ ਕਿ 'ਜਦੋਂ ਸ੍ਰੀ ਸਤਿਗੁਰੂ ਜੀ ਦੇ ਇਸ ਤਰ੍ਹਾਂ ਦਰਸ਼ਨ ਹੋਣ ਤਾਂ ਕੋਈ ਵੱਡਾ ਸਨਮਾਨ ਪ੍ਰਾਪਤ ਹੁੰਦਾ ਹੈ।'

ਪੰਜਾਬ ਸਰਕਾਰ ਵਲੋਂ ਮੇਰਾ ਤੇ ਰੋਜ਼ਾਨਾ ਅਜੀਤ ਅਖ਼ਬਾਰ ਦੇ ਸਵਰਗਵਾਸੀ ਸੰਪਾਦਕ ਸ. ਸਾਧੂ ਸਿੰਘ ਹਮਦਰਦ ਦਾ ਇਕੱਠਾ ਸਨਮਾਨ 27 ਮਾਰਚ 1968 ਨੂੰ ਕੀਤਾ ਗਿਆ। ਮੁਖ ਮੰਤਰੀ ਸ. ਲਛਮਣ ਸਿੰਘ ਗਿੱਲ, ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ. ਕਿਰਪਾਲ ਸਿੰਘ ਨਾਰੰਗ, ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਗਿ. ਲਾਲ ਸਿੰਘ ਜੀ ਤੇ ਹੋਰ ਅਨੇਕ ਸੱਜਣ ਮੰਚ ਉਤੇ ਸੁਸ਼ੋਭਿਤ ਸਨ। ਸ. ਕਪੂਰ ਸਿੰਘ ਘੁੰਮਣ ਨੇ ਮੇਰਾ ਸਨਮਾਨ-ਪੱਤਰ ਪੜ੍ਹਿਆ ਸੀ, ਜਿਸ ਵਿਚ ਮੈਨੂੰ 'ਪੰਜਾਬੀ ਦਾ ਮਿਲਟਨ' ਕਰਕੇ ਸੰਬੋਧਿਤ ਕੀਤਾ ਗਿਆ ਸੀ। ਮੈਂ ਉਸ ਰਾਤ ਪੰਜਾਬੀ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਠਹਿਰਿਆ ਸਾਂ, ਜਿਥੇ ਅਗਲੇ ਦਿਨ ਸਵੇਰ ਸਮੇਂ ਹੀ ਮੈਨੂੰ ਵੀਹਵੀਂ ਸਦੀ ਦੇ ਪੰਜਾਬੀ ਕਾਵਿ-ਜਗਤ ਦੇ ਦੋ ਸਿਰਮੌਰ ਕਵੀ ਪ੍ਰੋ. ਮੋਹਨ ਸਿੰਘ ਅਤੇ ਸ਼ਿਵ ਕੁਮਾਰ ਬਟਾਲਵੀ ਮਿਲਣ ਅਤੇ ਵਧਾਈ ਦੇਣ ਆ ਗਏ। ਫਿਰ ਜਦੋਂ ਪ੍ਰਮੁੱਖ ਨਾਟਕਕਾਰ ਸੁਰਜੀਤ ਸਿੰਘ ਸੇਠੀ ਮੈਨੂੰ ਆਪਣੇ 4-5 ਸਾਲ ਦੇ ਬੱਚੇ (ਸ਼ੈਲੀ) ਨਾਲ ਮਿਲਣ ਆਏ ਤਾਂ ਉਸ ਛੋਟੇ ਬਾਲ ਨੇ ਕਿਹਾ 'ਪਾਪਾ ਇਹ ਉਹ ਅੰਕਲ ਨੇ ਨਾ, ਜਿਨ੍ਹਾਂ ਦਾ ਕੱਲ੍ਹ ਵਿਆਹ ਹੋਇਆ ਸੀ।' ਸਚੁਮੱਚ ! ਮੈਨੂੰ ਇਹ ਅਵਸਰ ਆਪਣੇ ਵਿਆਹ ਦੀ ਖ਼ੁਸ਼ੀ ਨਾਲੋਂ ਵੀ ਵਧੇਰੇ ਉਤਸ਼ਾਹ ਦੇਣ ਵਾਲਾ ਸੀ, ਕਿਉਂ ਜੋ ਇਸ ਨਾਲ ਮੇਰੀਆਂ ਰਚਨਾਵਾਂ ਨੂੰ ਉਚੇਚੀ ਮਾਨਤਾ ਮਿਲ ਗਈ ਸੀ।

ਮੇਰਾ ਸਭ ਤੋਂ ਵਡਾ ਸਨਮਾਨ- 27 ਮਈ, 1997 ਨੂੰ ਪ੍ਰੋ: ਸੰਤ ਸਿੰਘ ਸੇਖੋਂ ਜੀ, ਜਿਨ੍ਹਾਂ ਦੇ ਇਲਾਜ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ 25,000 ਰੁਪਏ ਦੀ ਰਕਮ ਸਹਾਇਤਾ ਵਜੋਂ ਭੇਜੀ ਗਈ ਸੀ, ਆਪਣੀ ਸਵੈ-ਇੱਛਾ ਅਨੁਸਾਰ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕਰਨ ਆਏ ਸਨ। ਮੈਂ ਵੀ ਉਸ ਦਿਨ ਉਥੇ ਹਾਜ਼ਰ ਸਾਂ। ਸੇਖੋਂ ਸਾਹਿਬ ਆਪਣੇ ਪਰਿਵਾਰ ਦੇ ਜੀਆਂ ਦਾ ਸ੍ਰੀ ਸਤਿਗੁਰੂ ਜੀ ਨੂੰ ਪਰਿਚੈ ਕਰਾ ਰਹੇ ਸਨ- ਇਹ ਮੇਰੇ ਘਰੋਂ ਹਨ, ਇਹ ਮੇਰਾ ਬੇਟਾ ਹੈ, ਇਹ ਮੇਰੀ ਪੁਤਰੀ ਹੈ ਆਦਿ, ਮੈਂ ਕਿਹਾ ਸੇਖੋਂ ਸਾਹਿਬ, ਮੈਂ ਤੁਹਾਡਾ ਕੀ ਲਗਦਾ ਹਾਂ? ਸੇਖੋਂ ਸਾਹਿਬ ਨੇ ਮੇਰੇ ਮੋਢੇ ਨੂੰ ਥਾਪੜ ਕੇ ਕਿਹਾ? "ਤੂੰ ਮੇਰਾ 'ਸ਼ਾਗਿਰਦ-ਏ-ਆਜ਼ਮ' ਹੈ। " ਸੱਚ ਪੁਛੋ ਤਾਂ ਮੈਨੂੰ ਆਪਣੇ ਜੀਵਨ ਦਾ ਸਭ ਤੋਂ ਵੱਡਾ ਸਨਮਾਨ ਉਸ ਦਿਨ ਪ੍ਰਾਪਤ ਹੋ ਗਿਆ, ਜਦੋਂ ਮੇਰੇ ਵਿਦਿਆ ਗੁਰੂ ਨੇ ਮੈਨੂੰ ਆਪਣਾ ਸ਼ਾਗਿਰਦ-ਏ-ਆਜ਼ਮ ਕਹਿ ਕੇ ਨਿਵਾਜਿਆ ਸੀ।

ਮੁੰਦਾਵਣੀ- ਮੇਰੇ ਜੀਵਨ ਦੇ ਪਿਛਲੇ 45 ਸਾਲਾਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਰਹੀ ਹੈ। ਉਨ੍ਹਾਂ ਦੀ ਮਿਹਰ ਭਰੀ ਸਰਪ੍ਰਸਤੀ ਵਿੱਚ ਮੈਂ ਨੇਤਰਹੀਣਤਾ ਦੇ ਅੰਧਕਾਰ ਵਿਚ ਪੁਸਤਕ ਰੂਪ ਦੇ ਕਈ ਗਿਆਨ ਦੀਪ ਜਗਾਏ ਹਨ, ਜਿਨ੍ਹਾਂ ਦਾ ਪ੍ਰਕਾਸ਼ ਭਾਵੇਂ ਨਿਮਾ ਹੈ, ਪਰ ਹੈ ਉਹ ਉਨ੍ਹਾਂ ਦੇ ਬਖ਼ਸ਼ੇ ਹੋਏ ਗਿਆਨ ਅੰਜਨ ਦਾ ਹੀ ਚਾਨਣ। ਜੀਵਨ ਵਿਚ ਸਤਿਗੁਰੂ ਦੇ ਮਿਲਾਪ ਨਾਲ ਮਨੁੱਖੀ ਆਤਮਾ ਦਿਬ-ਦ੍ਰਿਸ਼ਟਿ ਹੋ ਜਾਂਦੀ ਹੈ। ਇਸ ਲਈ ਸਤਿਗੁਰੂ ਜੀ ਦਾ ਕੋਟ ਕੋਟਾਨ ਧੰਨਵਾਦ ਹੈ ਅਤੇ ਮੇਰਾ ਰੋਮ-ਰੋਮ ਉਨ੍ਹਾਂ ਦੇ ਸ਼ੁਕਰਾਨੇ ਵਿਚ ਵਿਲੀਨ ਹੈ:

ਕਸੇਲ ਜੀਉੜਾ ਭੁਲਣਹਾਰ ਹੈ, ਸਤਿਗੁਰੂ ਹੈ ਬਖ਼ਸ਼ਿੰਦ।
ਸਭੋਂ ਆਸਾਂ ਪੁੰਨੀਆਂ, ਪਰਸ ਚਰਨ ਅਰਵਿੰਦ।
ਸਤਿਗੁਰੂ ਕਿਰਪਾ ਧਾਰ ਕੇ, ਬਖ਼ਸ਼ਿਆ ਨਾਮ ਆਧਾਰ।
ਚਰਨ ਕੰਵਲ ਤੋਂ ਵਾਰਨੇ, ਜਾਵਾਂ ਸੌ-ਸੌ ਵਾਰ।

ਅਤੇ ਆਪਣੇ ਜੀਵਨ ਵਿਚ ਮੈਂ ਸਦਾ ਇਹੋ ਅਰਦਾਸ ਕੀਤੀ ਹੈ:

ਕਸੇਲ ਝਰੋਖੇ ਬੈਠ ਕੇ, ਵੰਡ ਕਥੂਰ ਗਿਆਨ।
ਖਾਤਰ ਦੇਸ਼ ਤੇ ਕੌਮ ਦੀ, ਲੇਖੇ ਲਗ ਜਾਏ ਜਾਨ।

ਸ੍ਰੀ ਭੈਣੀ ਸਾਹਿਬ ਵਿਖੇ ਪ੍ਰੋ. ਕਸੇਲ ਜੀ ਅਭਿਨੰਦਨ ਸਮਾਰੋਹ (19 ਮਾਰਚ 2003)– ਸ੍ਰੀ ਭੈਣੀ ਸਾਹਿਬ ਵਿਖੇ ਹੋਲੇ ਮਹੱਲੇ ਦੇ ਪੁਰਬ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਕ੍ਰੀਬ ਢਾਈ ਤਿੰਨ ਸੌ ਪੰਜਾਬੀ ਦੇ ਪ੍ਰਮੁੱਖ ਲੇਖਕਾਂ ਦੇ ਇਕੱਠ ਵਿਚ ਪ੍ਰੋ. ਕਿਰਪਾਲ ਸਿੰਘ ਅਭਿਨੰਦਨ ਗ੍ਰੰਥ ਰਿਲੀਜ਼ ਹੋਇਆ ਅਤੇ ਕਸੇਲ ਜੀ ਨੂੰ ਸਾਹਿਤ ਰਤਨ ਸਨਮਾਨ ਨਾਲ ਨਿਵਾਜਿਆ ਗਿਆ। ਇਸ ਸਮੇਂ ਪ੍ਰੋ. ਪ੍ਰੀਤਮ ਸਿੰਘ ਜੀ ਨੇ ਬੜੇ ਭਾਵਪੂਰਤ ਸ਼ਬਦਾਂ ਵਿਚ ਕਿਹਾ ਕਿ ਜਦੋਂ ਕਸੇਲ ਹੋਰੀ ਅੱਖਾਂ ਦੀ ਜੋਤ ਗਵਾ ਬੈਠੇ, ਇਹ ਏਡੇ ਮਸ਼ਹੂਰ ਨਹੀਂ ਸਨ। ਕਮਾਲ ਦੀ ਗੱਲ ਦੂਰ ਦਰਸ਼ੀ ਮਹਾਤਮਾ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੇ ਹਸਪਤਾਲ ਤੋਂ ਚੁੱਕ ਕੇ ਜੀਵਨ ਨਗਰ ਲੈ ਗਏ। ਆਪ ਨੇ ਡਾਕਟਰ ਕੋਲੋਂ ਪ੍ਰਾਕ੍ਰਿਤੀ ਦਾ ਇਲਾਜ ਕਰਵਾਇਆ। ਕਸੇਲ ਜੀ ਦਾ ਮਹਾਵਤ ਅਜੀਤ ਸਿੰਘ ਨਾਮਧਾਰੀ (ਉਂਗਲ ਫੜ ਕੇ ਕਸੇਲ ਜੀ ਨੂੰ ਨਾਲ ਲੈ ਜਾਣ ਵਾਲਾ) ਇਸੇ ਦਰਬਾਰ ਦਾ ਬਖ਼ਸ਼ਿਆ ਹੋਇਆ ਹੈ। ਇਸ ਸਮੇਂ ਹੀ 'ਸਾਹਿਤ ਰਤਨ' ਪੁਰਸਕਾਰ ਵੀ ਸਤਿਗੁਰੂ ਜੀ ਦੁਆਰਾ ਕਸੇਲ ਜੀ ਨੂੰ ਦਿੱਤਾ ਗਿਆ। ਸੁਵਰਨ ਸਿੰਘ ਵਿਰਕ ਵਲੋਂ ਮਾਣ-ਪੱਤਰ ਪੜ੍ਹਿਆ ਗਿਆ ਜੋ ਕਸੇਲ ਜੀ ਨੂੰ ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰੇ ਵਲੋਂ ਭੇਟ ਕੀਤਾ ਗਿਆ ਸੀ। ਸ੍ਰੀ ਸਤਿਗੁਰੂ ਜੀ ਨੇ ਕਸੇਲ ਜੀ ਨੂੰ 'ਸਾਹਿਤ ਰਤਨ' ਦੇ ਪੁਰਸਕਾਰ ਨਾਲ ਨਿਵਾਜਿਆ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥
ਸਾਹਿਤ ਰਤਨ ਪੁਰਸਕਾਰ
ਮਾਣ-ਪੱਤਰ

ਹਰ ਨਾਮਧਾਰੀ ਦੀਆਂ ਨਜ਼ਰਾਂ ਵਿਚ ਉਹ ਸ਼ਖ਼ਸੀਅਤ ਅਹਿਮ, ਉੱਤਮ ਅਤੇ ਅਨੁਪਮ ਪ੍ਰਵਾਨੀ ਜਾਂਦੀ ਹੈ, ਜਿਸ ਦੀ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿਰਦੇ ਕੰਵਲ ਵਿਚ ਵਿਸ਼ੇਸ਼ ਥਾਂ ਹੋਵੇ। ਪ੍ਰੋਫ਼ੈਸਰ ਕਿਰਪਾਲ ਸਿੰਘ ਜੀ ਕਸੇਲ ਕਹਿਣੀ ਅਤੇ ਕਰਨੀ ਦੇ ਸੂਰੇ, ਪੰਜਾਬੀ ਸਾਹਿਤ ਦੇ ਮਿਲਟਨ, ਹਿੰਮਤ ਦੇ ਸ਼ਾਖਸ਼ਾਤ ਸਰੂਪ, ਗੁਫ਼ਤਾਰ ਅਤੇ ਕਿਰਦਾਰ ਦੇ ਸੁਮੇਲ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿੰਨ ਸੇਵਕ ਹਨ ਅਤੇ ਸਮੂਹ ਨਾਮਧਾਰੀ ਸਮਾਜ ਲਈ ਬਹੁਤ ਹੀ ਸਤਿਕਾਰਯੋਗ, ਸਨਮਾਨਯੋਗ ਸ਼ਖ਼ਸੀਅਤ ਹਨ। ਢੰਡ ਕਸੇਲ ਦੇ ਜੰਮੇ ਪਲੇ ਪ੍ਰੋਫ਼ੈਸਰ ਕਸੇਲ ਜੀ ਨੂੰ ਇਨਕਲਾਬੀ ਗ਼ਦਰੀ ਬਾਬਿਆਂ ਤੋਂ, ਗ਼ਦਰ ਤੋਂ, ਖਾਸ ਕਰਕੇ ਤਾਏ ਹਰਨਾਮ ਸਿੰਘ ਤੋਂ ਪ੍ਰਾਪਤ ਹੋਈ। ਡਾ. ਦੀਵਾਨ ਸਿੰਘ ਹੁਰਾਂ ਦੇ ਹੋਣਹਾਰ ਸ਼ਿਸ਼, ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੇ ਸ਼ਾਗਿਰਦੇ-ਆਜ਼ਮ, ਸੱਚੇ ਸ਼ਬਦਾਂ ਦਾ ਸੂਰਜ ਬਣ ਚਮਕੇ। ਇਹ ਸ਼ਬਦਾਂ ਦੇ ਸਮੁੰਦਰ ਅਤੇ ਲਫ਼ਜ਼ਾਂ ਦੇ ਦਰਿਆ ਨੇ 1964 ਤੱਕ 12 ਪੁਸਤਕਾਂ ਮਾਂ ਬੋਲੀ ਪੰਜਾਬੀ ਦੀ ਝੋਲੀ ਪਾ ਦਿੱਤੀਆਂ ਸਨ, ਪਰ 1964 ਵਿਚ ਹੋਣੀ ਨੇ ਇਕ ਭੱਦਾ ਮਜ਼ਾਕ ਕੀਤਾ, ਕਸੇਲ ਦੇ ਨੇਤਰ ਖੋਹ, ਉਹ ਦੂਰ ਖੜ੍ਹੀ ਤਮਾਸ਼ਾ ਦੇਖ ਰਹੀ ਸੀ। ਉਸ ਨੂੰ ਇਸ ਦਾ ਚਿੱਤ ਚੇਤਾ ਵੀ ਨਹੀਂ ਸੀ ਕਿ ਜਿਸ ਦਾ ਕੋਈ ਨਹੀਂ ਹੁੰਦਾ, ਉਸ ਦਾ ਉਹ ਆਪ ਹੁੰਦਾ ਹੈ। ਡਾ. ਈ.ਐਮ. ਜਾਨਸਰ ਵਰਗੇ ਸੁਹਿਰਦ ਇਨਸਾਨ ਕਸੇਲ ਲਈ ਢਾਲ ਬਣ ਖਲੋਤੇ। ਹਸਪਤਾਲ ਵਿਚ ਵੀ ਕਸੇਲ ਜੀ ਦੀ ਕਲਮ ਦਾ ਸਫ਼ਰ ਜਾਰੀ ਰਿਹਾ ਅਤੇ ਉਨ੍ਹਾਂ ਨੇ 'ਛੱਤੀ ਅੰਮ੍ਰਿਤ' ਕਵਿਤਾਵਾਂ ਅਤੇ 'ਵਾਰਡ ਨੰਬਰ 10' ਨਾਵਲ ਦੀ ਸਿਰਜਨਾ ਕੀਤੀ।

ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੀ ਸੌੜੀ ਸੋਚ ਜਿਸ ਕਸੇਲ ਨੂੰ ਹੁਣ ਖੋਟਾ ਸਿੱਕਾ ਸਮਝ ਰਹੀ ਸੀ, ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਸੱਚੀ ਸਰਕਾਰ ਦੇ ਦਰਬਾਰ ਵਿਚ ਪੁੱਜ ਇਸ ਸਿੱਕੇ ਨੂੰ ਤਾਂ ਕੋਈ ਹੀਰੇ ਮੋਤੀਆਂ ਨਾਲ ਵੀ ਨਹੀਂ ਤੋਲ ਸਕੇਗਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਖੁੱਲ੍ਹੀਆਂ ਬਾਹਾਂ ਨੇ ਕਸੇਲ ਨੂੰ ਆਪਣੀ ਹਿੱਕ ਨਾਲ ਲਾ ਲਿਆ, ਪਰ ਕਸੇਲ ਤਾਂ ਚਰਨ ਕਮਲਾਂ ਦੀ ਮੌਜ ਨਾਲ ਹੀ ਅਨੰਦਿਤ ਸਨ। ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸ. ਲਾਲ ਸਿੰਘ ਜੀ ਨੇ ਕਸੇਲ ਜੀ ਨੂੰ ਪੰਜਾਬੀ ਭਾਸ਼ਾ ਵਿਭਾਗ ਵਿਚ ਖੋਜ ਅਫ਼ਸਰ ਲਗਾ ਦਿਤਾ। ਇਥੇ 6 ਸਾਲ ਕਸੇਲ ਜੀ ਨੇ ਮਾਂ ਬੋਲੀ ਲਈ ਜੋ ਕੰਮ ਕੀਤਾ ਹੈ, ਉਹ ਅੱਜ ਵੀ ਇਕ ਰਿਕਾਰਡ ਹੈ।

ਇਨਕਲਾਬੀ ਸੋਚ ਵਾਲੇ ਕਸੇਲ ਜੀ ਦੀ ਹਿੱਕ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਿਰਾਜਮਾਨ ਹਨ ਅਤੇ ਪਿੱਠ 'ਤੇ ਵੀ ਉਨ੍ਹਾਂ ਦਾ ਥਾਪੜਾ ਹੈ। ਇਸ ਥਾਪੜੇ ਦੀ ਬਦੌਲਤ ਅਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਪਿਆਰਿਆਂ ਦੀਆਂ ਸ਼ੁਭ ਇਛਾਵਾਂ ਸਦਕਾ ਕਸੇਲ ਜੀ ਦੀ ਲਿਖਤ ਦਾ ਸਫ਼ਰ ਨਿਰੰਤਰ ਜਾਰੀ ਰਿਹਾ, ਕਿਉਂਕਿ ਕਸੇਲ ਜੀ ਦਾ ਹੁਣ ਤੀਸਰਾ ਨੇਤਰ ਖੁੱਲ੍ਹ ਚੁੱਕਾ ਸੀ, ਹੁਣ ਕਸੇਲ ਜੀ ਅਧਿਆਤਮਵਾਦ ਦੇ ਚਿੰਤਕ, ਫ਼ਿਲਾਸਫ਼ਰ, ਕਵਿਤਾ ਦੇ ਦਰਿਆ, ਉਸਾਰੂ ਆਲੋਚਨਾ ਦੇ ਧਨੀ, ਮਾਅਰਕੇ ਦੇ ਅਨੁਵਾਦਕ ਬਣ ਪੰਜਾਬੀ ਸਾਹਿਤ ਦੇ ਸਿਰਮੌਰ ਸਿਰਜਕ ਬਣ ਚੁੱਕੇ ਸਨ।

ਪ੍ਰੋਫ਼ੈਸਰ ਪੂਰਨ ਸਿੰਘ ਦੀਆਂ ਲਿਖਤਾਂ ਨੂੰ ਅਨੁਵਾਦ ਕਰਨਾ ਕਸੇਲ ਸਾਹਿਬ ਦਾ ਮਾਅਰਕੇ ਦਾ ਕਾਰਜ ਹੈ, ਨਹੀਂ ਤਾਂ ਹੋ ਸਕਦੈ ਪੰਜਾਬੀ ਪਾਠਕਾਂ ਤੋਂ ਪੂਰਨ ਸਿੰਘ ਦੂਰ ਹੀ ਰਹਿੰਦੇ।

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਨੇ ਜਿਸ ਸਿਰੜ ਤੇ ਲਗਨ ਨਾਲ ਪ੍ਰੋ: ਪੂਰਨ ਸਿੰਘ ਜੀ ਦੀਆਂ ਹਰ ਭਾਸ਼ਾ ਵਿਚ ਲਿਖੀਆਂ ਰਚਨਾਵਾਂ ਨੂੰ ਅਨੁਵਾਦ ਕੀਤਾ, ਆਪਣੇ ਆਪ ਵਿਚ ਇਕ ਪੂਰਾ ਪ੍ਰਾਜੈਕਟ ਹੈ। ਇਕ ਹੀ ਲੇਖਕ ਨੂੰ ਇਕ ਹੀ ਅਨੁਵਾਦਕ ਦਾ ਏਨੀ ਅਹਿਮੀਅਤ ਦੇਣਾ ਇਹ ਕੋਈ ਦੈਵੀ ਰੂਹ ਹੀ ਕਰ ਸਕਦੀ ਹੈ।

1964 ਤੱਕ ਲਿਖੀਆਂ 12 ਪੁਸਤਕਾਂ ਉਪਰੰਤ ਇਹ ਵਹਿਣ ਆਪਣੇ ਨਿਰੰਤਰ ਵੇਗ ਨਾਲ ਚੱਲਣ ਲੱਗਾ ਤੇ ਕਸੇਲ ਜੀ ਨੇ 48 ਪੁਸਤਕਾਂ ਹੋਰ ਰਚੀਆਂ। ਗੁਰਬਾਣੀ ਦੀ ਇਹ ਤੁਕ ਹੀ ਪੂਰਨ ਹੋਈ ਕਿ:

ਅੰਧੇ ਏਹਿ ਨ ਆਖੀਅਨਿ ਜਿਨਿ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥

ਉਹ ਖ਼ਸਮ ਨਾਲ ਅੰਦਰੋਂ ਬਾਹਰੋਂ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਚਾਲ੍ਹੀ ਸਾਲਾਂ ਤੋਂ ਸਤਿਗੁਰੂ ਜੀ ਨਾਲ ਜੁੜੇ ਕਸੇਲ ਜੀ ਦੀ ਗੰਢ ਦਿਨ ਪ੍ਰਤੀ ਦਿਨ ਪੀਡੀ ਹੁੰਦੀ ਜਾ ਰਹੀ ਹੈ, ਜੋ ਸਾਡੇ ਸਭਨਾਂ ਲਈ ਇਕ ਮਿਸਾਲ ਹੈ, ਇਕ ਪ੍ਰੇਰਨਾ ਹੈ।

ਅੱਜ "ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰਾ" ਪ੍ਰੋ: ਕਿਰਪਾਲ ਸਿੰਘ ਜੀ ਕਸੇਲ ਨੂੰ ਸਾਹਿਤ ਰਤਨ ਦੀ ਉਪਾਧੀ ਨਾਲ ਸਨਮਾਨਿਤ ਕਰਕੇ ਖ਼ੁਸ਼ੀ ਅਨੁਭਵ ਕਰ ਰਿਹਾ ਹੈ।

19 ਮਾਰਚ, 2003 — 6 ਚੇਤਰ 2059

ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰਾ
ਸ੍ਰੀ ਭੈਣੀ ਸਾਹਿਬ

ਅਰਦਾਸ-ਬੇਨਤੀ

–ਪ੍ਰੋ. ਕਿਰਪਾਲ ਸਿੰਘ ਕਸੇਲ

ਸਤਿਗੁਰ ਸ੍ਰੀ ਜਗਜੀਤ ਸਿੰਘ
ਮੇਰੇ ਪ੍ਰਾਣ-ਅਧਾਰ।
ਚਰਨ-ਕੰਵਲ ਨੂੰ ਪਰਸ ਕੇ,
ਕਰਦਾ ਹਾਂ ਨਮਸਕਾਰ।
ਸਦਾ ਆਪਦਾ ਰਿਹਾ ਹੈ,
ਮਿਹਰ ਭਰਿਆ ਸਿਰ ਹੱਥ।
ਨਿਰਗੁਣ ਨੇਤਰਹੀਣ ਨੂੰ,
ਕਰ ਦਿਤਾ ਸਮਰੱਥ।
ਬਖ਼ਸ਼ੀ ਦਾਤ ਹੈ ਕਲਾ ਦੀ,
ਨਾਲੇ ਸੂਝ ਗਿਆਨ।
ਨਦਰਿ-ਕਰਮ ਤੋਂ ਪਾਇਆ,
ਇਹ ਅਮੁੱਲ ਵਰਦਾਨ।

ਬਖ਼ਸ਼ਿਆ ਗੁਰੂ ਪ੍ਰੇਮ ਵੀ,
ਨਾਲੇ ਨਾਮ ਅਧਾਰ।
ਰਸਨਾ ਦੁਆਰਾ ਸਿਮਰ ਕੇ,
ਹਿਰਦਾ ਹੋਵੇ ਠਾਰ।
ਸਹਿਜ-ਸ਼ਾਂਤੀ ਵੱਸਦੀ,
ਆਤਮ ਵਿਚ ਹੁਲਾਸ,
ਨਿਤ ਮੰਜ਼ਿਲ ਮਿਲਦੀ ਰਹੇ,
ਚੜ੍ਹੀਏ ਵੱਲ ਆਕਾਸ਼।
ਸੇਵਾ ਤੇ ਉਪਕਾਰ ਦੀ,
ਉਪਜੇ ਸਦ ਹੀ ਰੀਝ,
ਜਿੰਦੜੀ ਲੇਖੇ ਲਗ ਜਾਇ,
ਬਖ਼ਸ਼ੋ ਐਸੀ ਨੀਝ।

ਲਖੇ ਜੋ ਵਿਦਿਆ ਸਾਰ

✍- ਹਰਪਾਲ ਸਿੰਘ 'ਸੇਵਕ

ਪ੍ਰੋ. ਕਿਰਪਾਲ ਸਿੰਘ ਕਸੇਲ ਬਾਰੇ, ਆਪ ਦੀਆਂ ਵਿਦਿਅਕ ਯੋਗਤਾਵਾਂ, ਮੌਲਿਕ ਅਤੇ ਅਨੁਵਾਦਿਤ ਰਚਨਾਵਾਂ, ਸਾਹਿਤਕ ਪ੍ਰਾਪਤੀਆਂ ਅਤੇ ਵੱਖੋ-ਵੱਖ ਅਦਾਰਿਆਂ ਵੱਲੋਂ ਮਿਲੇ ਮਾਣ-ਸਨਮਾਨਾਂ ਬਾਰੇ ਬਹੁਤ ਸੱਜਣਾਂ ਨੇ ਵਿਸਥਾਰ ਸਹਿਤ ਲਿਖਿਆ ਹੈ। ਮੈਂ ਤਾਂ ਕੇਵਲ ਕਸੇਲ ਜੀ ਦੇ ਨਿਰਮਾਣ ਤੇ ਮਿਲਾਪੜੇ ਸੁਭਾਅ, ਨਿਸ਼ਠਾਵਾਨ, ਕੌਮ ਪ੍ਰਸਤੀ, ਹਮੇਸ਼ਾਂ ਚੜ੍ਹਦੀ ਕਲਾ 'ਚ ਵਿਚਰਣ ਵਾਲੇ, ਉਦਮੀ ਅਤੇ ਮਿਕਨਾਤੀਸੀ ਵਿਅਕਤੀਤਵ ਬਾਰੇ ਸੰਖੇਪ ਜਿਹੀ ਚਰਚਾ ਕਰਾਂਗਾ।

ਗਿਆਨ ਹੀ ਮਨੁੱਖ ਨੂੰ ਪਸ਼ੂਆਂ ਤੋਂ ਵਖਰਿਆਉਂਦਾ ਹੈ। ਗਿਆਨ, ਵੇਖ ਕੇ, ਸੁਣ ਕੇ, ਪੜ੍ਹ ਕੇ ਪ੍ਰਾਪਤ ਕੀਤਾ ਜਾਂਦਾ ਹੈ। ਸ਼ਬਦ 'ਗਿਆਨ' ਬਹੁਤ ਵਿਆਪਕ ਹੈ। ਕੁਦਰਤ, ਅਨੰਤ ਬ੍ਰਹਿਮੰਡ ਅਤੇ ਅਥਾਹ ਸਾਗਰ ਸਮਾਨ ਹੈ, ਜਿਸ ਦਾ ਪਾਰਵਾਰ ਪਾ ਸਕਣਾ, ਪੂਰਾ ਗਿਆਨ ਪ੍ਰਾਪਤ ਕਰ ਸਕਣਾ ਮਨੁੱਖ ਵਾਸਤੇ ਜੇ ਅਸੰਭਵ ਨਾ ਵੀ ਹੋਵੇ, ਪਰ ਇਕ ਬਹੁਤ ਵੱਡੀ ਚੁਣੌਤੀ ਜ਼ਰੂਰ ਹੈ।

ਗੁਰਮਤਿ-ਸਿਧਾਂਤ ਅਨੁਸਾਰ ਗਿਆਨ ਕੇਵਲ ਕੁਝ ਜਾਣ ਲੈਣ ਦਾ ਵਿਸ਼ਾ ਹੀ ਨਹੀਂ ਸਗੋਂ 'ਗਿਆਨੁ ਨ ਗਲੀਈ ਢੂਢੀਐ, ਕਥਨਾ ਕਰੜਾ ਸਾਰੁ" ਗੁਰਵਾਕ ਅਨੁਸਾਰ ਗਿਆਨ ਸੰਜਮੀਂ ਅਤੇ ਕਠਿਨ ਕਰਮ ਹੈ, ਸੁਚੱਜੀ ਜੀਵਨ-ਜਾਚ ਹੈ। ਵਿਦਿਆ ਦਾ ਵੀਚਾਰ ਵੀ ਤਦ ਹੀ ਸਾਰਥਕ ਹੈ ਜੇ ਇਹ ਪਰਉਪਕਾਰ੍ਹੀ ਹੈ, ਕਲਿਆਣਕਾਰੀ ਹੈ। ਜੇ ਵਿਦਿਆ ਲੋਭ-ਤ੍ਰਿਪਤੀ ਵਾਸਤੇ ਹੀ ਵਰਤੀ ਜਾਵੇ ਤਾਂ ਵਿਦਿਆ ਵਿਚਾਰੀ ਵਿਨਾਸ਼ਕਾਰੀ ਹੋ ਜਾਂਦੀ ਹੈ। ਲੋਭੀ ਅਤੇ ਸਵਾਰਥੀ ਵਿਅਕਤੀ ਜਿੰਨਾ ਸਿਆਣਾ ਹੋਵੇਗਾ, ਉਨ੍ਹਾਂ ਹੀ ਘਾਤਕ ਹੋਵੇਗਾ।

ਪ੍ਰੋ. ਕਿਰਪਾਲ ਸਿੰਘ ਜੀ ਕਸੇਲ ਦੇ ਨੌ ਦਹਾਕਿਆਂ ਦੇ ਜੀਵਨ ਨੂੰ ਵਾਚੀਏ ਤਾਂ ਸਚਮੁੱਚ ਹੀ ਆਪ ਨੂੰ ਦੇਵਤਾ ਆਖ ਸਕਦੇ ਹਾਂ। ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹਜ਼ੂਰੀ ਸੇਵਕ ਹੋਣ ਕਰਕੇ ਅਤੇ ਕੁਝ ਸਾਹਿਤਕ ਰੁਚੀਆਂ ਹੋਣ ਕਾਰਨ ਲਗਭਗ ਪਿਛਲੇ ਦੋ ਦਹਾਕਿਆਂ ਤੋਂ ਕਸੇਲ ਜੀ ਨੂੰ ਨੇੜਿਉਂ ਅਤੇ ਹੋਰ ਨੇੜਿਉਂ ਹੋ ਕੇ ਵੇਖਣ ਦਾ ਮੌਕਾ ਮਿਲਿਆ। ਜਦੋਂ ਵੀ ਮਿਲੇ ਆਪ ਦੀ ਗਹਿਰ-ਗੰਭੀਰ ਸ਼ਖ਼ਸੀਅਤ ਵਿਚ ਗੁਣਾਂ ਦਾ ਕੋਈ ਨਾ ਕੋਈ ਨਵਾਂ ਹੀਰਾ ਚਮਕਦਾ ਨਜ਼ਰੀਂ ਪਿਆ। ਕਸੇਲ ਜੀ ਪੰਜਾਬੀ ਜਗਤ ਦੇ ਮਹਾਨ ਵਿਦਵਾਨ ਸਨ, ਪਰ ਉਸ ਤੋਂ ਵੀ ਵੱਧ ਨਿਰਮਾਣ ਸਨ। ਆਪ ਦੇ ਹਿਰਦੇ 'ਚ ਆਪਣੇ ਉਸਤਾਦਾਂ ਲਈ, ਵਿਦਵਾਨਾਂ ਲਈ ਸਤਿਕਾਰ ਸੀ, ਅਦਬ ਸੀ ਅਤੇ ਅਜ਼ੀਜ਼ਾਂ ਲਈ ਪਿਆਰ, ਨਿੱਘ ਅਤੇ ਹੌਂਸਲਾ ਹਫ਼ਜ਼ਾਈ ਸੀ। ਸਾਥੀਆਂ ਦੀਆਂ ਖ਼ਾਮੀਆਂ ਲਈ ਖਿਮਾਂ ਸੀ , ਖੂਬੀਆਂ ਲਈ ਕਦਰ ਸੀ। ਆਪ ਭਾਵੇਂ ਸਪਸ਼ਟਵਾਦੀ ਸਨ, ਪਰ ਕਦੇ ਵਿਵਾਦ 'ਚ ਨਹੀਂ ਸਨ ਪੈਂਦੇ, ਹਮੇਸ਼ਾਂ ਸੰਵਾਦ ਰਚਦੇ ਸਨ, ਵੀਚਾਰ ਕਰਦੇ ਸਨ। ਆਪਣੇ ਵਿਚਾਰ ਕਿਸੇ ਤੇ ਠੋਸਦੇ ਨਹੀਂ ਸਨ ਸਗੋਂ ਠੋਸ ਦਲੀਲਾਂ ਦੁਆਰਾ ਆਪਣੀ ਗੱਲ ਨੂੰ ਠੀਕ ਸਿੱਧ ਕਰਨ ਦੀ ਸਮਰੱਥਾ ਰਖਦੇ ਸਨ। ਆਪ ਕਰਮਯੋਗੀ ਦੀ ਤਰ੍ਹਾਂ ਅਨਕੂਲ ਅਤੇ ਪ੍ਰਤੀਕੂਲ ਪ੍ਰਸਥਿਤੀਆਂ ਵਿਚ ਨਿਰੰਤਰ ਕਾਰਜਸ਼ੀਲ ਰਹਿੰਦੇ ਸਨ। ਕਦੇ ਵੀ ਪੈਰ ਪਿਛਾਂਹ ਨਹੀਂ ਰਖਦੇ, ਹਮੇਸ਼ਾਂ ਚੜ੍ਹਦੀਕਲਾ ਵਿਚ ਰਹਿੰਦੇ ਸਨ। ਆਪਣੇ ਉਦੇਸ਼ ਦੀ ਪੂਰਤੀ ਲਈ ਸੱਚੀ-ਸੁੱਚੀ ਸਮਰਪਣ ਭਾਵਨਾ ਨਾਲ ਕਰਮ ਕਰਦੇ ਜਾਣਾ, ਨਾ ਲੋਭ, ਨਾ ਸਵਾਰਥ। ਸੁੱਤੇ ਸਿੱਧ ਪ੍ਰਾਪਤ ਫਲ ਤੇ ਪੂਰਨ ਸੰਤੋਖ ਆਪ ਦਾ ਸਹਿਜ ਸੁਭਾ ਸੀ।

ਪ੍ਰੋ. ਕਸੇਲ ਜੀ ਵਿਦਵਾਨ ਲੇਖਕ ਅਤੇ ਆਲੋਚਕ ਹੋਣ ਤੋਂ ਪਹਿਲਾਂ ਇਕ ਆਦਰਸ਼ ਗੁਰਸਿੱਖ ਸਨ। ਬਹੁਤ ਮੁਸ਼ਕਲ ਹੁੰਦਾ ਹੈ, ਵਿਦਵਾਨ ਹੋ ਕੇ, ਧਾਰਮਿਕ ਹੋਣਾ, ਸ਼ਰਧਾਲੂ ਹੋਣਾ, ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣਾ। ਇਕ ਵੇਰ ਸਤਿਗੁਰੂ ਰਾਮ ਸਿੰਘ ਜੀ ਨੂੰ ਸਿੱਖਾਂ ਨੇ ਪੁਛਿਆ ਕਿ ਆਪ

ਕਿਸ ਤੇ ਰਾਜ਼ੀ ਰਹਿੰਦੇ ਹੋ। ਸਤਿਗੁਰਾਂ ਫੁਰਮਾਇਆ "ਜਿਹੜਾ ਰਜ਼ਾ 'ਚ ਰਾਜ਼ੀ ਰਹੇ।" ਕਸੇਲ ਜੀ ਰਜ਼ਾ 'ਚ ਰਾਜ਼ੀ ਰਹਿਣ ਵਾਲੇ ਭਾਣੇ ਦੇ ਸਿੱਖ ਸਨ। ਨੇਤ੍ਰਾਂ ਦੀ ਜੋਤ ਚਲੀ ਗਈ, ਪਰ ਕਦੇ ਕੋਈ ਸ਼ਿਕਵਾ ਸ਼ਿਕਾਇਤ ਜਾਂ ਝੋਰਾ ਨਹੀਂ ਸਗੋਂ ਆਖਿਆ ਕਰਦੇ ਹਨ, "ਇਹ ਵੀ ਸਤਿਗੁਰੂ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਹੀ ਹੈ, ਉਹ ਸਮਰਥ ਹਨ, ਇਕ ਨੇਤ੍ਰ-ਹੀਣ ਤੋਂ ਵੀ ਏਨਾ ਕੁਝ ਕਰਵਾ ਸਕਦੇ ਹਨ।"

'ਨਾਨਕ ਲੇਖੈ ਇਕ ਗਲ ....' ਅਨੁਸਾਰ ਆਪ ਜੀਵਨ ਨੂੰ ਲੇਖੇ ਲਾਉਣ ਵਾਲੀ ਇਕ ਗੱਲ 'ਸਤਿਨਾਮ' ਦੇ ਧਾਰਣੀ ਵੀ ਸਨ। ਅੰਮ੍ਰਿਤ ਵੇਲੇ ਸਣੇਕੇਸ਼ੀ ਇਸ਼ਨਾਨ ਕਰਕੇ ਨਾਮ ਜਪਦੇ ਸਨ ਅਤੇ ਨਾਮਧਾਰੀ ਅਖਵਾਉਣ ਵਿਚ ਮਾਣ ਮਹਿਸੂਸ ਕਰਦੇ ਸਨ। ਗੁਰਬਾਣੀ ਆਪਦੇ ਜੀਵਨ ਦਾ ਆਧਾਰ ਸੀ। ਗੁਰਬਾਣੀ ਦਾ ਸਾਰ ਆਪਦੀਆਂ ਰਚਨਾਵਾਂ ਵਿਚ ਫੁੱਲਾਂ ਦੀ ਸੁਗੰਧੀ ਵਾਂਗ ਸਮੋਇਆ ਹੋਇਆ ਹੈ। ਆਪ ਗੁਰੂ ਚਰਨਾਂ ਦੇ ਪ੍ਰੇਮੀ ਭੌਰੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਦੇ ਚਾਲ੍ਹੀ ਵਰ੍ਹਿਆਂ ਨੂੰ ਸਮਰਪਿਤ ਕਾਵਿ ਪੁਸਤਕ ਚਾਲੀਸਾ ਵਿਚ ਆਪ ਲਿਖਦੇ ਹਨ-

ਸਤਿਗੁਰ ਸ੍ਰੀ ਜਗਜੀਤ ਸਿੰਘ ਮੇਰੇ ਪ੍ਰਾਣ ਆਧਾਰ।
ਚਰਨ ਕੰਵਲ ਨੂੰ ਪਰਸ ਕੇ ਕਰਦਾ ਹਾਂ ਨਮਸਕਾਰ।
ਸਦਾ ਆਪਦਾ ਰਿਹਾ ਹੈ ਮਿਹਰ ਭਰਿਆ ਸਿਰ ਹੱਥ।
ਨਿਰਗੁਣ ਨੇਤ੍ਰ ਹੀਣ ਨੂੰ ਕਰ ਦਿਤਾ ਸਮਰੱਥ।
ਬਖ਼ਸ਼ੀ ਦਾਤ ਹੈ ਕਲਾ ਦੀ ਨਾਲੇ ਸੂਝ ਗਿਆਨ।
ਨਦਰਿ-ਕਰਮ ਤੋਂ ਪਾਇਆ ਇਹ ਅਮੁਲ ਵਰਦਾਨ।

ਅਤੇ "ਜੈਸਾ ਸਤਿਗੁਰ ਸੁਣੀਂਦਾ" ਵਿਚ ਆਪ ਸਰਬੱਤ ਦੇ ਭਲੇ ਦੀ ਕਾਮਨਾ ਕਰਦੇ ਹਨ -

ਜੋਤ ਗੁਰੂ ਜਗਦੀ ਰਹੇ,
ਚਾਨਣ ਹੋਵੇ ਚੌਫੇਰ।
ਜਗ ਤੋਂ ਅੰਧਕਾਰ ਦਾ,
ਮਿਟੇ ਅਗਿਆਨ ਅੰਧੇਰ।
ਜਗਤ ਜਲੰਦਾ ਰਖ ਲਓ,
ਆਪਣੀ ਕਿਰਪਾ ਧਾਰ।
ਮਾਨਵਤਾ ਦਾ ਪ੍ਰੇਮ ਵਧੇ,
ਸ਼ਾਂਤੀ ਵਿਚ ਸੰਸਾਰ।
ਸਭ ਮਾਨਵ ਇਸ ਜਗਤ ਵਿਚ,
ਵੱਸਣ ਨਾਲ ਪਿਆਰ।
ਜੰਗ ਯੁੱਧ ਭੈ ਮਿਟ ਜਾਏ,
ਖੁਸ਼ੀ ਵਸੇ ਸੰਸਾਰ।

ਅਜੇਹੀ ਸ਼ਰਧਾ, ਭਗਤੀ ਅਤੇ ਪ੍ਰੇਮ ਰਸ ਪਰੁੱਚੀਆਂ ਰਚਨਾਵਾਂ ਕਿਸੇ ਪੂਰਨ ਗੁਰਸਿਖ ਦੀਆਂ ਹੀ ਹੋ ਸਕਦੀਆਂ ਹਨ।

ਸੱਚ, ਸੁੱਚ ਅਤੇ ਸੁਤੰਤਰਤਾ ਸਿੱਖੀ ਦਾ ਮੁੱਢ ਮੂਲ ਹੈ। ਸੁਤੰਤਰ ਸੋਚ ਦਾ ਮੂਲ ਮੰਤਰ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ" ਅਨੁਸਾਰ ਕਸੇਲ ਜੀ ਨਿਰਭਉ ਅਤੇ ਨਿਰਵੈਰ ਸਨ। ਨਿਸ਼ਠਾਵਾਨ ਕੌਮ-ਪ੍ਰਸਤ ਸਨ। ਵਰਤਮਾਨ ਸਮੇਂ ਵਿਚ ਜਦੋਂ ਸਾਡੇ ਦੇਸ਼ ਵਿਚ ਅੰਗ੍ਰੇਜ਼ੀ ਅਤੇ ਪੱਛਮੀ ਸਭਿਆਚਾਰ ਦਾ ਬੋਲਬਾਲਾ ਹੈ।

1835 ਈ. ਵਿਚ ਲਾਰਡ ਮੈਕਾਲੇ ਦੁਆਰਾ ਬੀਜਿਆ ਬੀਜ ਅਜੇ ਵੀ ਬਹੁਤ ਤੇਜ਼ੀ ਨਾਲ ਵੱਧ ਫੁੱਲ ਰਿਹਾ ਹੈ। ਇਹ ਸਾਡੀ ਮਾਂ ਬੋਲੀ ਅਤੇ ਸਾਡੇ ਸਭਿਆਚਾਰ ਨੂੰ ਘੁਣ ਵਾਂਗ ਲਗਾ ਹੋਇਆ ਹੈ। ਇਹ ਘਾਤਕ ਪ੍ਰਚਾਰ ਕਰਨ ਵਾਲੇ ਕੋਈ ਹੋਰ ਨਹੀਂ ਸਗੋਂ ਸਾਡੇ ਆਪਣੇ ਦੇਸ਼ ਵਾਸੀ, ਆਪਣੇ ਪੰਜਾਬੀ ਭਰਾ ਹੀ ਹਨ, ਜਿਨ੍ਹਾਂ ਦੀ ਮਾਨਸਿਕਤਾ ਦੇਸ਼ ਆਜ਼ਾਦ ਹੋਣ ਤੋਂ ਅੱਧੀ ਸਦੀ ਬਾਅਦ ਤਕ ਵੀ ਅਜੇ ਅੰਗਰੇਜ਼ੀਅਤ ਦੀ ਗੁਲਾਮ ਹੈ। ਜੋ ਸਕੂਲਾਂ ਵਿਚ ਬੱਚਿਆਂ ਦੇ ਮੂੰਹੋਂ ਪੰਜਾਬੀ ਦਾ ਇਕ ਸ਼ਬਦ ਨਿਕਲਣ ਤੇ ਡੰਨ ਲਾਉਂਦੇ ਹਨ।

1947 ਤੋਂ ਪਹਿਲਾਂ ਸਾਡਾ ਦੇਸ਼ ਰਾਜਨੀਤਕ ਤੌਰ ਤੇ ਅੰਗ੍ਰੇਜ਼ਾਂ ਦਾ ਗੁਲਾਮ ਸੀ, ਉਸੇ ਤਰ੍ਹਾਂ ਅੱਜ ਵੀ ਅਨੇਕ ਭਾਰਤ ਵਾਸੀ ਮਾਨਸਿਕ ਤੌਰ ਤੇ ਅੰਗਰੇਜ਼ੀਅਤ ਦੇ ਗੁਲਾਮ ਹਨ। ਇਸ ਮਾਨਸਿਕ ਗੁਲਾਮੀ ਤੋ ਆਜ਼ਾਦੀ ਹਾਸਲ ਕਰਨ ਲਈ ਵੀ ਸੰਘਰਸ਼ ਜਾਰੀ ਹੈ। ਤਬਦੀਲੀ ਕੁਦਰਤ ਦਾ ਅਟੱਲ ਨੇਮ ਹੈ। ਨਾ ਅੰਗ੍ਰੇਜ਼ਾਂ ਦਾ ਰਾਜ ਰਿਹਾ ਅਤੇ ਨਾ ਹਮੇਸ਼ਾਂ ਅੰਗ੍ਰੇਜ਼ੀ ਹੀ ਰਾਜ ਕਰੇਗੀ। ਉਸ ਸਮੇਂ ਜਦੋਂ ਅਸੀਂ ਆਪਣੀ ਬੋਲੀ ਅਤੇ ਆਪਣੇ ਸਭਿਆਚਾਰ ਦੇ ਮਹੱਤਵ ਨੂੰ ਸਮਝਾਂਗੇ। ਜਦੋਂ ਸਾਡੀ ਮਾਂ ਬੋਲੀ ਪੰਜਾਬੀ ਰਾਜ ਰਾਣੀ ਹੋਵੇਗੀ, ਉਦੋਂ ਪ੍ਰੋ. ਕਸੇਲ ਜੀ ਵਰਗੇ ਵਿਦਵਾਨ ਸੂਰਮਿਆਂ ਦੇ ਨਾਂ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣਗੇ। ਜੋ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਜੀਵਨ

ਭਰ ਯਤਨਸ਼ੀਲ ਰਹੇ। ਲੋਕਾਂ ਨੂੰ ਪ੍ਰੇਰਦੇ ਰਹੇ, ਸਰਕਾਰਾਂ ਨਾਲ ਜੂਝਦੇ ਰਹੇ ਹਨ। ਸਰਕਾਰ ਭਾਵੇਂ ਅਕਾਲੀਆਂ ਦੀ ਹੋਵੇ ਜਾਂ ਕਾਂਗਰਸ ਦੀ ਪੰਜਾਬੀ ਨੂੰ ਬਣਦਾ ਮਾਣਯੋਗ ਥਾਂ ਦਿਵਾਉਣ ਲਈ ਕਸੇਲ ਜੀ ਹਮੇਸ਼ਾਂ ਮੋਹਰਲੀ ਕਤਾਰ ਵਿਚ ਹੁੰਦੇ ਸਨ। ਸਾਡੇ ਗੁਰੂਆਂ ਦੀ ਨਿਵਾਜੀ ਗੁਰਮੁਖੀ ਲਿਪੀ ਵਿਚ ਲਿਖਕੇ ਕਸੇਲ ਜੀ ਨੇ ਅਨੇਕਾਂ ਪੁਸਤਕਾਂ ਮਾਂ ਬੋਲੀ ਪੰਜਾਬੀ ਦੀ ਚਰਨ ਭੇਂਟ ਕੀਤੀਆਂ ਸਨ। ਇਸ ਲਈ ਕਸੇਲ ਜੀ ਨੂੰ 'ਸਤਿਗੁਰ ਕਾ ਪਹਿਲਵਾਨੜਾ' ਕਹਿ ਕੇ ਸਤਿਕਾਰ ਸਕਦੇ ਹਾਂ।

ਮਨੁੱਖੀ ਸਭਿਅਤਾ ਦੇ ਵਿਕਾਸ ਵਿਚ ਜਿਥੇ ਵਿਦਿਆ ਦਾ ਯੋਗਦਾਨ ਹੈ, ਉਥੇ ਧਰਮ ਦੀ ਵੀ ਅਹਿਮ ਭੂਮਿਕਾ ਹੈ। ਧਰਮ ਦਾ ਇਸ਼ਟਦੇਵ ਹੈ, ਰੱਬ, ਜਿਸ ਨੂੰ ਖ਼ੁਦਾ, ਪ੍ਰਮਾਤਮਾ, ਭਗਵਾਨ ਜਾਂ ਗਾਡ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਰੱਬ ਪਰਮ ਸੱਤਾ ਹੈ ਜੋ ਆਦਿ ਜੁਗਾਦੀ ਸੱਤ ਹੈ, ਸਦਾ ਚੇਤਨ ਹੈ ਅਤੇ ਅਨੰਦ ਸਰੂਪ ਹੈ। ਸਰਬ ਗੁਣ ਸੰਪੰਨ ਹੈ। ਪਰਮਾਤਮਾ ਦੁਸ਼ਟਾਂ ਦੋਖੀਆਂ ਨੂੰ ਦੰਡ ਦੇਣ ਵਾਲਾ, ਨਿਮਾਣੇ, ਨਿਤਾਣੇ ਮਜ਼ਲੂਮਾਂ ਦਾ ਰੱਖਿਅਕ ਹੈ। ਦਇਆਲੂ, ਬਖ਼ਸ਼ਿੰਦ ਅਤੇ ਪ੍ਰੇਮ-ਸਰੂਪ ਹੈ। ਇਹੋ ਰੱਬ ਵਾਲੇ ਗੁਣ ਮਨ, ਬਚਨ, ਕਰਮ ਕਰਕੇ ਜਿਸਦੀ ਕਰਨੀ ਵਿਚ ਸਮੋਏ ਹੁੰਦੇ ਹਨ, ਉਸੇ ਮਨੁੱਖ ਨੂੰ ਦੁਨੀਆਂ ਵਿਚ ਭਗਵਾਨ, ਪੀਰ, ਪੈਗੰਬਰ ਅਤੇ ਗੁਰੂ-ਅਵਤਾਰ ਕਰਕੇ ਪੂਜਿਆ ਜਾਂਦਾ ਹੈ। ਇਹੋ ਰੱਬ ਵਾਲੀ ਸੁਗੰਧੀ ਸਾਨੂੰ ਜਿਥੋਂ ਕਿਤੋਂ ਵੀ ਆਵੇ, ਅਸੀਂ ਉਸ ਨੂੰ "ਰੱਬ ਵਰਗਾ ਕਹਿ ਕੇ ਵਡਿਆਉਂਦੇ ਹਾਂ ਤੇ ਪਿਆਰਦੇ ਹਾਂ। ਬੱਚੇ ਵੀ ਇਸ ਲਈ ਰੱਬ ਵਰਗੇ ਆਖੇ ਜਾਂਦੇ ਹਨ ਕਿ ਉਹ ਨਿਸ਼ਕਪਟ ਤੇ ਨਿਰਵੈਰ ਹੁੰਦੇ ਹਨ। ਲੋਭ, ਸਵਾਰਥ ਅਤੇ ਪੱਖ-ਵਿਰੋਧ ਵਾਲੀ ਦੁਰਗੰਧ ਅਜੇ ਉਨ੍ਹਾਂ ਤੋਂ ਬਹੁਤ ਦੂਰ ਹੁੰਦੀ ਹੈ। ਇਸੇ ਲਈ ਹਰ ਕੋਈ ਬੱਚੇ ਨੂੰ ਵੇਖ ਕੇ ਮੋਹਿਆ ਜਾਂਦਾ ਹੈ, ਸਭ ਉਸ ਨੂੰ ਪਿਆਰ ਕਰਦੇ ਹਨ। ਵਿਦਵਾਨ ਪੁਰਸ਼ ਵੀ ਵਿਦਿਆ ਦਾ ਗਿਆਨ ਪ੍ਰਾਪਤ ਕਰਕੇ ਹੰਕਾਰ ਨਹੀਂ ਕਰਦਾ, ਉਸ 'ਚ ਅਕੜੇਵਾਂ ਨਾ ਹੋ ਕੇ ਸਗੋਂ ਪੱਕੇ ਫਲਾਂ ਨਾਲ ਲੱਦੇ ਰੁੱਖ ਵਰਗਾ ਝੁਕਾਓ ਅਤੇ ਮਿਠਾਸ ਆ ਜਾਂਦੀ ਹੈ।

ਆਪ ਗਿਆਨ, ਭਗਤੀ, ਪਰਉਪਕਾਰ ਅਤੇ ਨਿਮਰਤਾ ਦੇ ਪੁੰਜ ਸਨ। ਵਿਦਿਆ ਦਾ ਸਾਰ ਚੰਦਨ ਦੀ ਸੁਗੰਧੀ ਵਾਂਗ ਆਪ ਦੇ ਵਿਅਕਤੀਤਵ ਵਿਚ ਸਮੋਇਆ ਹੋਇਆ ਸੀ ਜੋ ਚੁਫ਼ੇਰੇ ਨੂੰ ਸੁਗੰਧਿਤ ਕਰ ਦਾ ਰਿਹਾ।

ਸੰਤ ਧਿਆਨ ਸਿੰਘ ਕਾਦਰਾਬਾਦੀ ਸਤਿਗੁਰੂ-ਬਿਲਾਸ ਪਾਤਸ਼ਾਹੀ 12ਵੀਂ 'ਚ ਵਿਦਵਾਨ ਦਾ ਮੰਗਲ ਕਰਦਿਆਂ ਲਿਖਦੇ ਹਨ -

ਵਿਦਯਾ ਬਿਨ ਅਹੰਕਾਰ
ਮੈਂ ਬਲਿਆਰੀ ਤਾਹਿ ਜਨ।
ਲਖੇ ਜੋ ਵਿਦਯਾ ਸਾਰ
ਜੋ ਜਨ ਬ੍ਰਹਮ-ਸਰੂਪ ਹੈ।

ਸਚਮੁੱਚ ਹੀ ਕਸੇਲ ਜੀ ਵਿੱਦਿਆ ਦੇ ਸਾਰ ਨੂੰ ਜੀਵਨ ਵਿੱਚ ਧਾਰ ਕੇ ਬ੍ਰਹਮ-ਸਰੂਪ ਹੋ ਗਏ ਸਨ।

ਇਵੇਂ ਹੀ ਪ੍ਰੋ. ਕਿਰਪਾਲ ਸਿੰਘ ਜੀ ਕਸੇਲ ਨੇ ਪ੍ਰੌੜ ਅਵਸਥਾ 'ਚ ਪੁੱਜ ਕੇ ਵੀ ਆਪਣੇ ਜੀਵਨ 'ਚੋਂ ਬਚਪਨ ਦੀਆਂ ਸੁਗੰਧੀਆਂ ਗਵਾਚਣ ਨਹੀਂ ਸਨ ਦਿੱਤੀਆਂ ਸਗੋਂ ਚੌਫੇਰੇ ਨੂੰ ਸੁਗੰਧਿਤ ਕੀਤਾ, ਜਿਵੇਂ ਕਬੀਰ ਜੀ ਲਿਖਦੇ ਹਨ -

ਕਬੀਰ ਚੰਦਨ ਕਾ ਬਿਰਵਾ ਭਲਾ
ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨ ਹੋਇ ਰਹੇ
ਬਸੇ ਜੋ ਚੰਦਨ ਪਾਸ॥

-ਹਰਪਾਲ ਸਿੰਘ ਸੇਵਕ
ਸ੍ਰੀ ਭੈਣੀ ਸਾਹਿਬ
ਸੰਪ:094176-01321

Sri Satguru Jagjit Singh Ji Elibrary NamdhariElibrary@gmail.com

ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਦੀਆਂ ਯਾਦਾਂ

✍– ਡਾ. ਹਰਸ਼ਿੰਦਰ ਕੌਰ ਐਮ. ਡੀ.

ਮੇਰੇ ਭਾਪਾ ਜੀ, ਪ੍ਰੋ. ਪ੍ਰੀਤਮ ਸਿੰਘ ਜੀ ਨਾਲ ਲਗਭਗ ਹਰ ਦੂਜੇ ਦਿਨ ਸ਼ਾਮ ਨੂੰ ਪ੍ਰੋ. ਕਿਰਪਾਲ ਸਿੰਘ ਕਸੇਲ ਅੰਕਲ ਰਿਕਸ਼ੇ ਉੱਤੇ ਬਹਿ ਕੇ ਮਿਲਣ ਆਉਂਦੇ ਹੁੰਦੇ ਸੀ। ਦੋਵੇਂ ਜਣੇ ਘੰਟਿਆਂ ਬੱਧੀ ਕਿਸੇ ਨਾ ਕਿਸੇ ਵਿਸ਼ੇ ਉੱਤੇ ਚਰਚਾ ਕਰਦਿਆਂ ਕਈ ਗੱਲਾਂ ਉੱਤੇ ਕਾਫੀ ਚਿੰਤਿਤ ਹੋ ਜਾਂਦੇ ਤੇ ਕਦੇ ਕਿਸੇ ਮੁੱਦੇ ਉੱਤੇ ਖਿੜਖਿੜਾ ਕੇ ਹੱਸਦੇ। ਉਨ੍ਹਾਂ ਦੀਆਂ ਏਨੀਆਂ ਵਿਦਵਤਾ ਭਰਪੂਰ ਗੱਲਾਂ ਹੁੰਦੀਆਂ ਸਨ ਕਿ ਕੋਲ ਬੈਠਾ ਬੰਦਾ ਪੂਰਾ ਗ੍ਰੰਥ ਲਿਖ ਸਕਦਾ ਸੀ।

ਕਈ ਗੱਲਾਂ ਉੱਤੇ ਦੋਵੇਂ ਬਹੁਤ ਭਾਵੁਕ ਹੋ ਜਾਂਦੇ ਸਨ। ਮੇਰਾ ਕੰਮ ਚਾਹ ਬਣਾ ਕੇ ਪਿਆਉਣ ਤੇ ਕੁੱਝ ਨਮਕੀਨ ਜਾਂ ਮਿੱਠਾ ਦੇਣ ਤਕ ਸੀਮਤ ਹੁੰਦਾ ਸੀ। ਇੱਕ ਦਿਨ ਦੋਵੇਂ ਗੰਭੀਰ ਬੈਠੇ ਸੋਚਾਂ ਵਿਚ ਡੁੱਬੇ ਪਏ ਸਨ। ਮਸਲਾ ਪੰਜਾਬੀ ਜ਼ਬਾਨ ਦਾ ਸੀ।

ਮੈਂ ਜਦੋਂ ਚਾਹ ਤੇ ਨਮਕੀਨ ਰੱਖਣ ਆਈ ਤਾਂ ਉਨ੍ਹਾਂ ਨੇ ਮੈਨੂੰ ਕੋਲ ਹੀ ਬੈਠਣ ਨੂੰ ਕਿਹਾ। ਕਸੇਲ ਅੰਕਲ ਪੁੱਛਣ ਲੱਗੇ, "ਤੈਨੂੰ ਪਤੈ ਮੈਂ ਸੰਨ 1942 'ਚ ਜੇਲ੍ਹ ਗਿਆ ਸੀ।" "ਨਹੀਂ ਜੀ," ਮੈਂ ਜਵਾਬ ਦਿੱਤਾ। "ਰਾਜਸੀ ਸਰਗਰਮੀਆਂ ਕਰ ਕੇ ਮੈਨੂੰ ਜੇਲ੍ਹ ਵਿਚ ਤਾੜ ਦਿੱਤਾ ਗਿਆ ਸੀ। ਉੱਥੇ ਰੋਜ਼ ਸਾਰੇ ਜਣੇ ਸਿਧਾਂਤਕ ਮਸਲਿਆਂ ਉੱਤੇ ਵਿਚਾਰ ਕਰਿਆ ਕਰਦੇ ਸਨ। ਮੈਨੂੰ ਪੜ੍ਹਨ ਦਾ ਸ਼ੌਕ ਸੀ। ਇਸੇ ਲਈ ਬੀ.ਏ. ਦਾ ਇਮਤਿਹਾਸਨ ਪੁਲਿਸ ਦੇ ਪਹਿਰੇ ਹੇਠ ਦਿੱਤਾ ਸੀ। ਅੱਗੋਂ ਪੜ੍ਹਨ ਦੀ ਚਾਹ ਸਦਕਾ ਮੈਨੂੰ ਇਕ ਸਾਲ ਲਈ ਅੰਮ੍ਰਿਤਸਰ ਦੇ ਇਕ ਸੀਮਤ ਖੇਤਰ ਵਿਚ ਰਹਿਣ ਅਤੇ ਉਸ ਤੋਂ ਬਾਹਰ ਜਾਣ ਦੀ ਰੋਕ ਲਾ ਕੇ ਪੜ੍ਹਨ ਲਈ ਜੇਲ੍ਹੋਂ ਬਾਹਰ ਭੇਜਿਆ ਸੀ। ਹੁਣ ਦੇ ਵਿਦਿਆਰਥੀ ਪੜ੍ਹਨੋਂ ਕਿਉਂ ਦੌੜ ਰਹੇ ਹਨ? ਕਿਉਂ ਦੱਸਵੀਂ ਜਮਾਤ ਦੇ ਬਾਅਦ ਹੀ ਵਤਨੋਂ ਬਾਹਰ ਜਾਣ ਦਾ ਰੁਝਾਨ ਬਣਦਾ ਜਾ ਰਿਹਾ ਹੈ? ਕੌਣ ਆਪਣੇ ਵਤਨ ਦਾ ਧਿਆਨ ਰੱਖੇਗਾ? ਕੌਣ ਇਸ ਵਿਚਲੀਆਂ ਦਰਦ ਕਹਾਣੀਆਂ ਯਾਦ ਰੱਖੇਗਾ? ਸਾਡੇ ਟੱਬਰ ਦੇ ਲੋਕਾਂ ਨੇ ਸ਼ਹੀਦੀ ਜਾਮੇ ਪਹਿਨੇ ਸਨ। ਮੇਰਾ ਸਕਾ ਤਾਇਆ ਵੀ ਤੀਹ ਵਰ੍ਹੇ ਪਰਦੇਸ ਰਹਿਣ ਬਾਅਦ ਦੇਸ ਨੂੰ ਆਜ਼ਾਦ ਕਰਵਾਉਣ ਦੀ ਪੀੜ ਮਨ ਵਿਚ ਲੈ ਕੇ ਵਾਪਸ ਪਰਤ ਆਇਆ ਸੀ। ਮੈਂ ਆਪ ਖ਼ਾਲਸਾ ਕਾਲਜ ਦੇ ਵਿੱਚ ਲੱਗੇ ਆਜ਼ਾਦੀ ਤੋਂ ਬਾਅਦ ਦੇ ਸ਼ਰਨਾਰਥੀ ਕੈਂਪ ਵਿਚ ਉਜੜ ਕੇ ਆਏ ਲੋਕਾਂ ਦੀ ਮਦਦ ਕਰਦਾ ਰਿਹਾ ਹਾਂ। ਬਾਹਰਲੇ ਮੁਲਕਾਂ ਵੱਲ ਨੂੰ ਉੱਡਦੇ ਜਾਂਦੇ ਨੌਜਵਾਨ ਕਿਉਂ ਨਹੀਂ ਸਮਝਦੇ ਕਿ ਆਜ਼ਾਦੀ ਕਿੰਨੀ ਔਖੀ ਹਾਸਲ ਕੀਤੀ ਸੀ? ਸਭ ਤੋਂ ਵੱਧ ਮਾਰ ਪੰਜਾਬੀਆਂ ਨੇ ਸਹੀ।

ਹੁਣ ਪੰਜਾਬ ਕਿਸੇ ਹੋਰ ਦੇ ਹਵਾਲੇ ਕਰਦੇ ਪਏ ਨੇ? ਸਾਡੀ ਉਮਰ ਦੇ ਲੋਕਾਂ ਨੂੰ ਪੁੱਛੋ, ਕਿੰਨਾ ਔਖਾ ਪੰਜਾਬ ਵਸਾਇਆ ਸੀ। ਕਿੰਨੇ ਰਿਸ਼ਤੇ ਟੁੱਟੇ ਤੇ ਕਿੰਨੇ ਉਜੜੇ!

"ਉਜੜਨਾ ਸੌਖਾ ਨਹੀਂ ਹੁੰਦਾ। ਸਾਡੀ ਉਮਰ ਦੇ ਲੋਕ ਹਾਲੇ ਤਕ ਪਾਕਿਸਤਾਨ ਵਿਚਲੀਆਂ ਆਪਣੀਆਂ ਯਾਦਾਂ ਨੂੰ ਸੰਜੋਈ ਬੈਠੇ ਹਨ। ਹੁਣ ਦੇ ਨੌਜਵਾਨ ਕਿਵੇਂ ਆਪਣੀਆਂ ਯਾਦਾਂ ਦੇ ਸੰਗਲ ਪਲਾਂ ਵਿਚ ਤੋੜ ਕੇ ਦੌੜ ਜਾਂਦੇ ਹਨ? ਕਿਉਂ ਧਰਤੀ ਦਾ ਮੋਹ ਉਨ੍ਹਾਂ ਨੂੰ ਬੰਨ੍ਹ ਨਹੀਂ ਰਿਹਾ? ਅਸੀਂ ਕਿਉਂ ਆਪਣੇ ਬੱਚੇ ਏਨੇ ਨਿਰਮੋਹੇ ਬਣਾ ਦਿੱਤੇ ਹਨ?

ਤੇਰੇ ਭਾਪਾ ਜੀ, ਪ੍ਰੋ. ਪ੍ਰੀਤਮ ਸਿੰਘ, ਮੇਰੇ ਪੂਜਨੀਕ ਗੁਰੂ ਹਨ। ਸਾਨੂੰ ਦੋਨਾਂ ਨੂੰ ਇਹ ਚਿੰਤਾ ਖਾਈ ਜਾ ਰਹੀ ਹੈ। ਤੂੰ ਉਸੇ ਉਮਰ ਵਿਚ ਹੈਂ। ਦਸ ਤਾਂ ਸਹੀ ਆਖ਼ਰ ਕਾਰਨ ਕੀ ਬਣ ਗਿਐ," ਕਸੇਲ ਅੰਕਲ ਨੇ ਆਪਣਾ ਦਰਦ ਜ਼ਾਹਿਰ ਕੀਤਾ!

ਮੈਂ, ਜਿੰਨੀ ਕੁ ਸਮਝ ਸੀ, ਨਾਲ ਸੋਚ ਕੇ ਕਿਹਾ, "ਮੇਰੀ ਜਾਚੇ ਤਾਂ ਇਸ ਵੇਲੇ ਸਿਰਫ਼ ਪੈਸਾ ਪ੍ਰਧਾਨ ਹੋ ਗਿਆ ਹੈ। ਆਪਸੀ ਖਿੱਚ, ਰਿਸ਼ਤਿਆਂ ਵਿਚਲਾ ਨਿੱਘ, ਦੇਸ ਪ੍ਰੇਮ ਵਰਗੇ ਮੁੱਦੇ ਹੁਣ ਖ਼ਤਮ ਹੀ ਹੋ ਗਏ ਹਨ। ਅਗਲੀ ਪੀੜੀ ਆਪਣੇ ਮਾਪਿਆਂ ਨੂੰ ਵੀ ਦਿਨ ਰਾਤ ਭੱਜਦੇ ਸਿਰਫ਼ ਕਮਾਈ ਕਰਨ ਦੇ ਚੱਕਰ ਵਿਚ ਪਿਸਦੀ ਵੇਖਦੀ ਹੈ। ਮਾਪਿਆਂ ਕੋਲ ਆਪਸ ਵਿਚ ਜਾਂ ਬੱਚਿਆਂ ਨਾਲ ਗੱਲਬਾਤ ਕਰਨ ਦਾ ਸਮਾਂ ਨਹੀਂ। ਬੱਚੇ ਸਿਰਫ਼ ਮੋਬਾਈਲਾਂ ਜਾਂ ਇੰਟਰਨੈੱਟ ਤਕ ਸੀਮਤ ਹੋ ਗਏ ਹਨ। ਆਪੋ ਵਿਚ ਖੇਡਣਾ, ਸਾਂਝ ਗੰਢਣੀ ਜਾਂ ਕਿਸੇ ਗੰਭੀਰ ਮੁੱਦੇ ਉੱਤੇ ਬਹਿਸ ਕਰਨ ਦਾ ਕਿਸੇ ਕੋਲ ਵਕਤ ਹੀ ਨਹੀਂ ਬਚਿਆ। ਇਹੋ ਕਾਰਨ ਲੱਗਦਾ ਹੈ ਕਿ ਅਗਲੀ ਪੀੜ੍ਹੀ ਵੀ ਸਿਰਫ਼ ਪੈਸਾ ਕਮਾਉਣ ਨੂੰ ਹੀ ਆਪਣੀ ਜ਼ਿੰਦਗੀ ਮੰਨਣ

Sri Satguru Jagjit Singh Ji Elibrary NamdhariElibrary@gmail.com

ਲੱਗ ਪਈ ਹੈ। ਦੇਸ ਪ੍ਰੇਮ ਤਾਂ ਸਿਰਫ਼ ਸਾਲ ਵਿਚ ਇਕ ਦਿਨ ਮੈਸੇਜ ਭੇਜਣ ਲਈ ਹੀ ਜਾਗਦਾ ਹੈ। ਛੁੱਟੀ ਦਾ ਦਿਨ ਸਮਝ ਕੇ ਜਸ਼ਨ ਮਨਾ ਲੈਂਦੇ ਹਨ। ਬੱਸ!"

"ਪੰਜਬੀ ਜ਼ਬਾਨ ਨੂੰ ਖ਼ੋਰਾ ਲੱਗਦਾ ਪਿਆ ਹੈ! ਕੀ ਕਿਸੇ ਨੂੰ ਫ਼ਿਕਰ ਨਹੀਂ," ਉਨ੍ਹਾਂ ਫਿਰ ਪੁੱਛਿਆ?

ਕਿ ਮੈਂ ਲੇਖ ਉਡੀਕਦਾ ਹੀ ਤੁਰ ਜਾਵਾਂ।"

"ਜੇ ਫ਼ਿਕਰ ਹੁੰਦਾ ਤਾਂ ਹਰ ਘਰ ਆਈਲੈਟਸ ਕਰਨ ਨਾ ਦੌੜਿਆ ਹੁੰਦਾ," ਮੈਂ ਜਵਾਬ ਦਿੱਤਾ। ਉਸ ਦਿਨ ਮੇਰੇ ਭਾਪਾ ਜੀ ਤੇ ਕਸੇਲ ਅੰਕਲ ਬਹੁਤ ਨਿਰਾਸ ਹੀ ਜਾਪੇ ਤੇ ਦੇਰ ਰਾਤ ਤੱਕ ਇਸੇ ਵਿਸ਼ੇ ਉੱਤੇ ਚਿੰਤਾ ਜ਼ਾਹਿਰ ਕਰਦੇ ਰਹੇ।

ਜਦੋਂ ਮੇਰੇ ਭਾਪਾ ਜੀ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ ਤਾਂ ਕਸੇਲ ਅੰਕਲ ਨੂੰ ਇੰਜ ਜਾਪਦਾ ਸੀ ਜਿਵੇਂ ਆਪਣਾ ਦਿਲ ਫਰੋਲਣ ਵਾਲਾ ਕੋਈ ਬਹੁਤ ਨੇੜਲਾ ਤੁਰ ਗਿਆ ਹੋਵੇ। ਮੇਰੇ ਨਾਲ ਹਰ ਦੋ ਜਾਂ ਤਿੰਨ ਦਿਨਾਂ ਬਾਅਦ ਫ਼ੋਨ ਉੱਤੇ ਗੱਲ ਕਰਦੇ ਰਹਿੰਦੇ। ਕਦੇ ਕਦਾਈਂ ਆਪਣਾ ਚੈੱਕਅੱਪ ਕਰਵਾਉਣ ਮੇਰੇ ਪਤੀ ਡਾ. ਗੁਰਪਾਲ ਸਿੰਘ ਕੋਲ ਸਾਡੇ ਘਰ ਆ ਜਾਂਦੇ। ਪਰ ਬਹੁਤੀ ਵਾਰ ਮੇਰੇ ਪਤੀ ਉਨ੍ਹਾਂ ਦੇ ਘਰ ਹੀ ਜਾ ਕੇ ਉਨ੍ਹਾਂ ਨੂੰ ਚੈੱਕਅੱਪ ਕਰ ਕੇ ਦਵਾਈ ਦੇ ਆਉਂਦੇ। ਮੇਰੇ ਹਰ ਲੇਖ ਛਪਣ ਉੱਤੇ ਮੈਨੂੰ ਕਸੇਲ ਅੰਕਲ ਦਾ ਵਧਾਈ ਦਾ ਫ਼ੋਨ ਜ਼ਰੂਰ ਆਉਂਦਾ। ਮੈਂ ਇੱਕ ਦਿਨ ਪੁੱਛ ਹੀ ਲਿਆ ਕਿ ਅੰਕਲ ਹੁਣ ਤਾਂ ਤੁਹਾਡਾ ਫ਼ੋਨ ਨਾ ਆਵੇ ਤਾਂ ਮੈਨੂੰ ਚਿੰਤਾ ਹੀ ਹੋਣ ਲੱਗ ਪੈਂਦੀ ਹੈ। ਅੱਗੋਂ ਕਹਿਣ ਲੱਗੇ, "ਤੇਰੇ ਭਾਪਾ ਜੀ ਨੇ ਮੈਨੂੰ ਕਿਹਾ ਸੀ ਕਿ ਤੇਰੇ ਕੋਲ ਲਿਖਣ ਦਾ ਸਮਾਂ ਬਹੁਤ ਘੱਟ ਹੁੰਦਾ ਹੈ। ਤੇਰਾ ਡਾਕਟਰੀ ਪੇਸ਼ਾ ਤੇਰਾ ਬਹੁਤ ਸਮਾਂ ਖਾ ਜਾਂਦਾ ਹੈ। ਕਹਿਣ ਲੱਗੇ, ਜਦ ਤਕ ਮੈਂ ਜ਼ਿੰਦਾ ਹਾਂ, ਮੈਂ ਹੱਲਾਸ਼ੇਰੀ ਦਿੰਦਾ ਰਹਿੰਦਾ ਹਾਂ। ਮੇਰੇ ਤੁਰ ਜਾਣ ਬਾਅਦ ਹੁਣ ਤੁਸੀਂ ਜ਼ਿੰਮੇਵਾਰੀ ਸਾਂਭਿਓ। ਸੋ ਮੈਂ ਉਹ ਜ਼ਿੰਮੇਵਾਰੀ ਚੁੱਕੀ ਹੋਈ ਹੈ। ਤੂੰ ਮੇਰੇ ਪਿਆਰੇ ਗੁਰੂ, ਪ੍ਰੋ. ਪ੍ਰੀਤਮ ਸਿੰਘ ਬਾਰੇ ਹਰ ਸਾਲ ਲਿਖ ਕੇ ਧੀ ਹੋਣ ਦਾ ਫਰਜ਼ ਅਦਾ ਕਰ ਰਹੀ ਹੈਂ। ਬਹੁਤ ਵਧੀਆ ਗੱਲ ਹੈ। ਕਦੇ ਮੇਰੇ ਬਾਰੇ ਵੀ ਲਿਖੀਂ ਪਰ ਏਨੀ ਦੇਰ ਨਾ ਕਰੀਂ ਕਿ ਮੈਂ ਲੇਖ ਉਡੀਕਦਾ ਹੀ ਤੁਰ ਜਾਵਾਂ।"

ਇਸ ਫਾਨੀ ਜਹਾਨ ਨੂੰ ਛੱਡਣ ਤੋਂ ਦੋ ਦਿਨ ਪਹਿਲਾਂ ਮੇਰੇ ਅਖ਼ਬਾਰ ਵਿਚ ਛਪੇ ਲੇਖ ਬਾਰੇ ਫ਼ੋਨ ਕਰ ਕੇ ਕਹਿਣ ਲੱਗੇ, "ਬਹੁਤ ਵਧੀਆ ਲਿਖਣ ਲੱਗ ਪਈ ਹੈਂ। ਤੈਨੂੰ ਮਿਲਣ ਦਾ ਚਿਤ ਕਰਦੈ। ਔਰਤ ਹੋਣ ਦਾ ਦਰਦ ਤੂੰ ਬਾਖ਼ੂਬੀ ਸਮਝ ਸਕੀ ਹੈਂ। ਪਰ ਵੇਖੀਂ ਮੇਰੇ ਬਾਰੇ ਇਕ ਲੇਖ ਲਿਖਣ ਦਾ ਵਾਅਦਾ ਨਾ ਭੁਲਾ ਦੇਵੀਂ।"

ਮੈਂ ਕਿਹਾ, "ਅੰਕਲ ਵਾਅਦਾ ਰਿਹਾ। ਅਗਲੇ ਮਹੀਨੇ ਜ਼ਰੂਰ ਲਿਖਾਂਗੀ।"

ਸ਼ਾਇਦ ਕਿਸੇ ਲਈ ਉਸ ਸ਼ਬਦਾਂ ਦੇ ਮੀਲ ਪੱਥਰ ਦਾ ਤੁਰ ਜਾਣਾ ਕੁੱਝ ਸਮੇਂ ਦੀ ਪੀੜ ਹੋਵੇ ਪਰ ਮੈਨੂੰ ਤਾਂ ਇੰਜ ਜਾਪਦਾ ਹੈ ਜਿਵੇਂ ਮੇਰਾ ਪਿਓ ਇਕ ਵਾਰ ਫਿਰ ਤੁਰ ਗਿਆ ਹੋਵੇ। ਅੱਜ ਦੇ ਯੁੱਗ ਵਿਚ ਜਦੋਂ ਕਿਸੇ ਧੀ ਦੇ ਸਿਰੋਂ ਪਿਓ ਦਾ ਸਾਇਆ ਉੱਠ ਜਾਵੇ ਤਾਂ ਕੋਈ ਕਰੋੜਾਂ 'ਚੋਂ ਇਕ ਹੀ ਪਿਓ ਵਰਗਾ ਹੱਥ ਸਿਰ ਉੱਤੇ ਰੱਖਦਾ ਹੈ। ਕਸੇਲ ਅੰਕਲ ਮੇਰੇ ਲਈ ਕਰੋੜਾਂ 'ਚੋਂ ਇੱਕ ਹੀ ਸਨ।

ਆਪਣੀ ਕਲਮ ਦਾ ਦਰਦ ਮੈਂ ਹੀ ਸਮਝ ਸਕਦੀ ਹਾਂ, ਜਿਸ ਨੂੰ ਕਸੇਲ ਅੰਕਲ ਬਾਰੇ ਲਿਖਣ ਲੱਗਿਆਂ ਅੱਜ ਕਿੰਨੀ ਅਸਹਿ ਪੀੜ ਝੱਲਣੀ ਪੈ ਰਹੀ ਹੈ ਕਿਉਂਕਿ ਇਹ ਲੇਖ ਅੰਕਲ ਨੇ ਪੜ੍ਹ ਕੇ ਨਾ ਮੈਨੂੰ ਫ਼ੋਨ ਕਰਨਾ ਹੈ ਤੇ ਨਾ ਹੀ ਪਿਆਰ ਭਰੀ ਅਸੀਸ ਦੇਣੀ ਹੈ। ਫਿਰ ਵੀ ਮੈਂ ਅੱਜ ਹਿੰਮਤ ਕਰ ਕੇ ਅੰਕਲ ਦਾ ਉਲਾਂਭਾ ਲਾਹ ਹੀ ਦਿੱਤਾ ਹੈ। ਰੱਬ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ। ਉਹ ਹੁਣ ਅਰਸ਼ਾਂ ਉੱਤੇ ਬੈਠੇ ਮੇਰੇ ਭਾਪਾ ਜੀ ਨਾਲ ਦੁਬਾਰਾ ਲੰਮੀਆਂ ਮਿਲਣੀਆਂ ਕਰ ਸਕਦੇ ਹਨ। ਉੱਥੇ ਬੈਠੇ ਸਿਧਾਂਤਕ ਮਸਲਿਆਂ ਉੱਤੇ ਗੱਲਾਂ ਕਰਦਿਆਂ ਨੂੰ ਹੁਣ ਦੋਨਾਂ ਨੂੰ ਕੋਈ ਵਕਤ ਬੰਨ੍ਹ ਨਹੀਂ ਸਕਣ ਲੱਗਿਆ।

ਕਾਸ਼ ਉਨ੍ਹਾਂ ਮਸਲਿਆਂ ਬਾਰੇ ਅੱਜ ਪੰਜਾਬੀਆਂ ਨੂੰ ਕੋਈ ਜਾਗ ਲਾ ਦੇਵੇ ਤੇ ਫਿਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਹੱਕ ਵਿਚ ਕੋਈ ਜ਼ੋਰਦਾਰ ਆਵਾਜ਼ ਉੱਠੇ। ਜੇ ਹੋਰ ਕਿਤਿਓਂ ਨਹੀਂ, ਤਾਂ ਮੈਨੂੰ ਯਕੀਨ ਹੈ, ਭੈਣੀ ਸਾਹਿਬ ਅੰਦਰ ਇਹ ਅੱਗ ਕਦੇ ਮੱਠੀ ਨਹੀਂ ਪੈਣ ਵਾਲੀ!

ਆਮੀਨ!!

ਡਾ. ਹਰਸ਼ਿੰਦਰ ਕੌਰ, ਐਮ. ਡੀ.,
ਬੱਚਿਆਂ ਦੀ ਮਾਹਰ, 28, ਪ੍ਰੀਤ ਨਗਰ,
ਲੋਅਰ ਮਾਲ ਪਟਿਆਲਾ।
ਫੋਨ ਨੰ: 0175-2216783

Sri Satguru Jagjit Singh Ji Elibrary NamdhariElibrary@gmail.com

ਪ੍ਰੋ.ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ ਵਿੱਚੋਂ ਕੁਝ ਲੇਖਕਾਂ ਦੇ ਪ੍ਰੋ. ਕਸੇਲ ਜੀ ਬਾਰੇ ਵਿਚਾਰ....

ਚਿੱਟੀ ਸੋਟੀ ਵਾਲਾ ਖੱਦਰਪੋਸ਼

ਪ੍ਰੋ. ਪ੍ਰੀਤਮ ਸਿੰਘ

ਜਦ ਵੀ ਮੈਨੂੰ ਛੇ-ਫੁੱਟਾ ਪਹਿਲਵਾਨੀ ਜੁੱਸਾ, ਆਪਣੀਆਂ ਅੱਖਾਂ ਨੂੰ ਕਾਲੀਆਂ ਐਨਕਾਂ ਨਾਲ ਢੱਕੀ, ਉਪਰੋਂ ਹੇਠਾਂ ਤੱਕ ਚਿੱਟੇ ਖੱਦਰ ਦਾ ਬਾਣਾ ਸਜਾਈ, ਇਕ ਹੱਥ ਵਿਚ ਚਿੱਟੀ ਸੋਟੀ ਅਤੇ ਦੂਜੇ ਹੱਥ ਵਿਚ ਆਪਣੇ ਮਹਾਵਤ, ਅਜੀਤ ਸਿੰਘ ਨਾਮਧਾਰੀ ਨੂੰ ਸੰਭਾਲੀ, ਸਹਿਜ-ਸਹਿਜ ਬਾਲ-ਤੋਰ ਤੁਰਦਾ ਦਿੱਸ ਪੈਂਦਾ ਹੈ, ਉਸ ਵੇਲੇ ਮੇਰਾ ਮਨ ਤਨ ਉਸਦੇ ਸਤਿਕਾਰ ਲਈ ਸਾਵਧਾਨ ਹੋ ਜਾਂਦਾ ਹੈ।

ਕੁਦਰਤ ਨੂੰ ਪਤਾ ਨਹੀਂ ਕੀ ਸੁੱਝੀ ਕਿ ਕਿਰਪਾਲ ਸਿੰਘ ਦੀਆਂ ਅੱਖਾਂ ਦੀ ਜੋਤ ਉਦੋਂ ਖੋਹ ਲਈ ਜਦੋਂ ਉਸਨੇ ਲਿਖਣ ਤੇ ਅਧਿਆਪਨ ਦਿਆਂ ਖੇਤਰਾਂ ਵਿਚ ਵੱਡੀਆਂ-ਵੱਡੀਆਂ ਮੱਲਾਂ ਮਾਰਨ ਲਈ ਕਈ ਕਾਰਜ-ਕ੍ਰਮ ਉਲੀਕੇ ਹੋਏ ਸਨ।

ਕੁਦਰਤ ਨੇ ਵੇਖ ਸਕਣ ਦੀ ਸਮਰੱਥਾ ਕੀ ਖੋਹੀ, ਖੁੱਸੇ ਹੋਏ ਨੂੰ ਇਕ ਵਾਰੀ ਤਾਂ ਲੱਗਣ ਲੱਗ ਪਿਆ ਕਿ ਉਸ ਦੀ ਬੜੀ ਹੀ ਸਰਗਰਮ ਤੇ ਕ੍ਰਿਆਸ਼ੀਲ ਦੇਹ ਨੂੰ ਮਿੱਟੀ ਦੀ ਢੇਰੀ ਬਣਾ ਕੇ ਰੱਖ ਦਿੱਤਾ ਹੈ।

ਬਚਪਨ ਵਿਚ ਉਸ ਉੱਤੇ ਦੋ ਵੱਡੇ ਪ੍ਰਭਾਵ ਪਏ ਸਨ।ਪਹਿਲਾ ਸੀ ਸਿੱਖ ਧਰਮ ਦਾ। ਹਰ ਵਰ੍ਹੇ ਉਹਨਾਂ ਦੇ ਪਿੰਡ ਵਿਚ ਇਕ ਵੱਡਾ ਦੀਵਾਨ ਲੱਗਿਆ ਕਰਦਾ ਸੀ। ਉਹ ਉਸ ਨੂੰ ਕਦੇ ਨਹੀਂ ਸੀ ਖੁੰਝਾਉਂਦਾ। ਉਂਜ ਵੀ ਸਾਰਾ ਇਲਾਕਾ ਸਿੱਖੀ ਮਾਹੌਲ ਦਾ ਸੀ। ਅਗੋਂ, ਸਕੂਲ ਮਿਲਿਆ ਮਾਸਟਰ ਸੁਜਾਨ ਸਿੰਘ ਵਾਲੀ ਸਰਹਾਲੀ ਦਾ। ਉਥੋਂ ਵੀ ਸਿੱਖੀ ਦੀ ਗੂੜ੍ਹੀ ਪਾਣ ਚੜ੍ਹੀ।

ਦੂਜਾ ਪ੍ਰਭਾਵ ਪਿਆ ਤਾਏ ਹਰਨਾਮ ਸਿੰਘ ਦੇ ਕਾਰਨਾਮਿਆਂ-ਭਰੇ ਜੀਵਨ ਦਾ। ਹਰਨਾਮ ਸਿੰਘ ਦੇਸ਼ ਭਗਤ ਸੀ, ਉਸਨੇ ਸਾਰੀ ਦੁਨੀਆਂ ਗਾਹੀ ਹੋਈ ਸੀ। ਉਦਾਰ, ਬਲਕਿ ਖੱਬੇ ਵਿਚਾਰਾਂ ਦਾ ਧਾਰਨੀ ਸੀ। ਕਾਲਜ ਵਿਚ ਸੰਤ ਸਿੰਘ ਸੇਖੋਂ, ਵਰਿਆਮ ਸਿੰਘ ਤੇ ਕਰਮ ਸਿੰਘ ਵਰਗੇ ਉਸਤਾਦਾਂ ਨੇ ਉਸ ਦੀ ਉਦਾਰ ਰੁਚੀ ਨੂੰ ਗੂੜ੍ਹੇ ਮਾਰਕਸੀ ਰੰਗ ਵਿਚ ਰੰਗ ਦਿੱਤਾ। ਉਹ ਕਮਿਊਨਿਸਟ ਪਾਰਟੀ ਦਾ ਬਕਾਇਦਾ ਮੈਂਬਰ ਬਣ ਕੇ ਸਿਆਸੀ ਅੰਦੋਲਨ ਵਿਚ ਕੁੱਦ ਪਿਆ, ਜਿਸ ਕਾਰਨ ਜੇਲ੍ਹ ਦੀ ਯਾਤਰਾ ਵੀ ਕਰਨੀ ਪਈ। ਜੇਲ੍ਹ ਵਿਚ ਉਸਦਾ ਸੰਪਰਕ ਹੋਇਆ ਗਿਆਨੀ ਹੀਰਾ ਸਿੰਘ ਦਰਦ, ਸੋਹਨ ਸਿੰਘ ਜੋਸ਼, ਡਾਕਟਰ ਭਾਗ ਸਿੰਘ ਵਰਗੇ ਸਿਖਰਲੇ ਆਗੂਆਂ ਨਾਲ।

ਜੇਲ੍ਹ ਤੋਂ ਨਿਕਲਿਆ ਤਾਂ ਉਸ ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਦੀ ਚਾਰ ਦੀਵਾਰੀ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਉਸਨੇ ਆਪਣੀ ਅਧੂਰੀ ਰਹਿ ਗਈ ਪੜ੍ਹਾਈ ਨੂੰ ਪੂਰਾ ਕਰਨ ਦਾ ਮਨ ਬਣਾਇਆ। ਉਹ ਐਮ. ਏ. ਪੰਜਾਬੀ ਦੀ ਕਲਾਸ ਵਿਚ ਦਾਖਲ ਹੋ ਗਿਆ। ਜਦੋਂ ਨਤੀਜਾ ਨਿਕਲਿਆ ਤਾਂ ਉਹ ਯੂਨਿਵਰਸਿਟੀ ਵਿਚੋਂ ਫ਼ਸਟ ਸੀ।

ਹੁਣ ਵੇਲਾ ਆ ਗਿਆ ਸੀ, ਆਪਣੇ ਭਵਿੱਖ ਬਾਰੇ ਸੋਚਣ ਦਾ। ਉਸ ਨੂੰ ਦਿੱਸ ਰਿਹਾ ਸੀ ਕਿ ਸਿਆਸਤ ਵਿਚ ਕੁੱਦ ਕੇ ਪੰਜਾਂ-ਸੱਤਾਂ ਸਾਲਾਂ ਦੇ ਅੰਦਰ-ਅੰਦਰ ਕਮਿਊਨਿਸਟ ਪਾਰਟੀ ਦੇ ਸਿਖਰਲੇ ਡੰਡਿਆਂ ਉੱਤੇ ਪਹੁੰਚ ਸਕਦਾ ਸੀ। ਉਸ ਲਈ ਦੇਸ਼ ਤੋਂ ਬਾਹਰ ਜਾ ਕੇ, ਆਪਣੇ ਤਾਏ ਦੇ ਪਾਏ ਪੂਰਨਿਆਂ ਉੱਤੇ ਚੱਲ ਕੇ, ਕਿਸਮਤ ਅਜ਼ਮਾਈ ਕਰਨ ਦਾ ਰਾਹ ਵੀ ਖੁੱਲ੍ਹਾ ਸੀ। ਉਹ ਸਮਾਜ-ਸੇਵਾ ਵਾਲੇ ਪਾਸੇ ਵੀ ਪੈ ਸਕਦਾ ਸੀ। ਇਸ ਪਾਸੇ ਵੱਲ ਦੀ ਰੁਚੀ ਵੀ ਉਸ ਵਿਚ ਬੜੀ ਬਲਵਾਨ ਸੀ। ਉਸ ਲਈ ਸਾਰੇ ਰਾਹ ਇਕਸਾਰ ਖੁੱਲ੍ਹੇ ਸਨ ਤੇ ਉਸ ਨੂੰ ਵਿਸ਼ਵਾਸ ਸੀ ਕਿ ਜਿਹੜੇ ਪੰਧ ਉੱਤੇ ਪਏਗਾ, ਮੰਜ਼ਿਲ ਦੀ ਪ੍ਰਾਪਤੀ ਤੋਂ ਉਰੇ ਨਹੀਂ ਰਹੇਗਾ।

ਪਰ ਸੋਚ-ਸੋਚ ਕੇ ਉਸ ਨੇ ਫ਼ੈਸਲਾ ਕੀਤਾ ਕਿ ਮੈਂ ਅਧਿਆਪਕ ਬਣਾਂਗਾ ਤੇ ਨਾਲੋ-ਨਾਲ ਲਿਖਣ ਦਾ ਕੰਮ ਕਰਾਂਗਾ। ਯੂਨੀਵਰਸਿਟੀ ਵਿਚ ਉਸ ਦੇ ਪਹਿਲੇ ਅਸਥਾਨ ਕਰਕੇ ਉਸ ਨੂੰ ਪ੍ਰਾਈਵੇਟ ਕਾਲਜਾਂ ਵਾਲੇ ਖਿੱਚ-ਖਿੱਚ ਲਿਜਾਂਦੇ ਰਹੇ, ਪਰ ਕੁਝ ਚਿਰ ਪਿੱਛੋਂ ਹੀ ਸਰਕਾਰੀ ਨੌਕਰੀ ਵਿਚ ਚੋਣ ਹੋ ਗਈ। ਇਸ ਚੋਣ ਤੋਂ ਪਹਿਲਾਂ ਹੀ ਉਹ ਪੰਜਾਬੀ 'ਸਾਹਿਤ ਦੇ ਰੂਪ' ਦਾ ਸਹਿ-ਲੇਖਕ ਬਣ ਚੁੱਕਾ ਸੀ।

ਉਸ ਦੀ ਨਿਯੁਕਤੀ ਪੰਜਾਬ ਦੇ ਸਭ ਤੋਂ ਵੱਡੇ ਸਰਕਾਰੀ ਕਾਲਜ, ਗੌਰਮਿੰਟ ਕਾਲਜ, ਲੁਧਿਆਣੇ ਵਿਚ ਹੋ ਚੁੱਕੀ ਸੀ, ਜਦੋਂ, ਯਕਲਖ਼ਤ ਉਸ ਦੇ ਸੁਫ਼ਨਿਆਂ ਉੱਤੇ ਬਿਜਲੀ ਡਿੱਗ ਪਈ। ਰੰਗਾਂ-ਤਮਾਸ਼ਿਆਂ ਨਾਲ ਭਰਿਆ ਕੁੱਲ ਜਹਾਨ ਉਸ ਲਈ ਹਨ੍ਹੇਰ ਘੁੱਪ-ਘੇਰ ਹੋ ਗਿਆ। ਹੁਣ ਉਹ ਪੜ੍ਹਾਵੇਗਾ ਕਿਸ ਤਰ੍ਹਾਂ ? ਉਹ ਲਿਖਣ ਦਾ ਕੰਮ ਕਿਸ ਤਰ੍ਹਾਂ ਕਰੇਗਾ? ਸਾਹਿਤਿਕ ਸਭਾਵਾਂ ਵਿਚ, ਅੱਗੇ ਵਾਂਗ, ਵਧ-ਚੜ੍ਹ ਕੇ ਹਿੱਸਾ ਕਿਵੇਂ ਲੈ ਸਕੇਗਾ? ਉਹ ਘਰ ਦੀ ਚਾਰ ਦੀਵਾਰੀ ਵਿਚ ਕੈਦ ਹੋ ਕੇ ਰਹਿ ਜਾਵੇਗਾ। ਉਸ ਦੇ ਸਾਹਿਤ-ਰਚਨਾ ਦੇ ਸੁਫ਼ਨਿਆਂ ਦਾ ਕੀ ਬਣੇਗਾ? ਕਿੰਨਾ ਸ਼ੌਕ ਸੀ ਕਿਤਾਬਾਂ ਪੜ੍ਹਨ ਦਾ, ਉਸ ਨੂੰ। ਪਰ ਕੁਦਰਤ ਨੇ ਕਿਤਾਬਾਂ ਦੀ ਸਾਰੀ ਵਿਸ਼ਾਲ ਦੁਨੀਆਂ ਦੇ ਸਾਰੇ ਦਰਵਾਜ਼ੇ ਉਸ ਉੱਤੇ ਰਾਤੋ-ਰਾਤ ਸਦਾ ਲਈ ਬੰਦ ਕਰ ਦਿੱਤੇ ਸਨ। ਇਹ ਕਿਸ ਗੁਨਾਹ ਦੀ ਸਜ਼ਾ ਮਿਲ ਰਹੀ ਸੀ, ਇਸ ਪ੍ਰਤਿਭਾਵਾਨ ਅਧਿਆਪਕ ਨੂੰ?

ਕੀ ਗੁਜ਼ਰਦੀ ਹੈ ਓਸ ਕਿਰਸਾਣ ਉੱਤੇ ਜਿਸ ਦੀ ਲਹਿਲਹਾਉਂਦੀ ਖੇਤੀ ਉਸ ਦੇ ਸਾਹਮਣੇ ਏਸ ਤਰ੍ਹਾਂ ਬੰਜਰ ਬਣਾ ਦਿੱਤੀ ਜਾਏ?

ਇਸ ਮਰਦ ਦੇ ਬੱਚੇ ਨੇ ਆਪਣੇ ਮਨ ਨੂੰ ਸਮਝਾਇਆ ਕਿ ਜੋ ਇਕ ਵਾਰੀ ਗਿਆ, ਮੁੜ ਕੇ ਆ ਨਹੀਂ ਸਕਦਾ, ਉਸ ਦੇ ਹੇਰਵੇ ਵਿਚ ਸਮਾਂ ਗਵਾਉਣ ਦਾ ਕੀ ਫ਼ਾਇਦਾ? ਕੁਦਰਤ ਨੇ ਜਿਹੜਾ ਭਾਣਾ ਵਰਤਾਉਣਾ ਸੀ, ਵਰਤਾ ਲਿਆ। ਡਾਕਟਰਾਂ ਨੇ ਜਿੰਨਾ ਜ਼ੋਰ ਲਾਉਣਾ ਸੀ, ਲਾ ਲਿਆ। ਹੁਣ ਉਨ੍ਹਾਂ ਵੱਲੋਂ ਜਵਾਬ ਮਿਲ ਚੁੱਕਾ ਹੈ, ਰੋਗ ਉਨ੍ਹਾਂ ਦੇ ਵੱਸ ਤੋਂ ਬਾਹਰ ਦਾ ਹੈ। ਪੰਜ ਨਾ ਸਹੀ, ਚਾਰ ਗਿਆਨ-ਇੰਦਰੇ ਤਾਂ ਕਾਇਮ ਹਨ। ਮੈਂ ਇਨ੍ਹਾਂ ਨਾਲ ਹੀ ਆਪਣੀ ਗੱਡੀ ਤੋਰਨ ਦਾ ਜਤਨ ਕਰਾਂ। ਆਖ਼ਰ, ਮੇਰੀਆਂ ਰਗਾਂ ਵਿਚ ਵੀ ਖ਼ੂਨ ਤਾਂ ਮਾਝੇ ਦੇ ਇਨਕਲਾਬੀ ਜੋਧਿਆਂ ਦਾ ਹੀ ਹੈ। ਮੈਂ ਇਸ ਖ਼ੂਨ ਨੂੰ ਊਜ ਨਹੀਂ ਲੱਗਣ ਦੇਣੀ। ਭਾਣਾ ਤਾਂ ਵਰਤ ਚੁੱਕਾ ਹੈ, ਮੈਂ ਭਾਣੇ ਨੂੰ ਏਸ ਹੱਦ ਤੱਕ ਤਾਂ ਪਰਵਾਨ ਕਰ ਲਵਾਂਗਾ ਕਿ ਮੈਨੂੰ ਆਪਣੀ ਜ਼ਿੰਦਗੀ ਦੇ ਬਾਕੀ ਦੇ ਦਿਨ ਮੁਨਾਖਾ ਬਣ ਕੇ ਗੁਜ਼ਾਰਨੇ ਪੈਣਗੇ, ਪਰ ਜੇ ਭਾਣੇ ਨੇ ਮੈਨੂੰ ਸਾਹ-ਸਤ ਹੀਣ ਲਾਸ਼ ਬਣਾ ਕੇ ਮੰਜੇ ਉੱਤੇ ਲੰਮਾ ਪਾਉਣਾ ਮਿੱਥਿਆ ਹੋਇਆ ਹੈ ਤਾਂ ਮੈਂ ਭਾਣੇ ਦਾ ਇਹ ਪੱਖ ਮੰਨਣ ਨੂੰ ਤਿਆਰ ਨਹੀਂ ਹੋਵਾਂਗਾ।

ਉਸ ਨੇ ਆਪਣੇ ਆਪ ਨੂੰ ਸੰਭਾਲਿਆ। ਉਸ ਨੂੰ ਮਹਿਸੂਸ ਹੋਇਆ ਕਿ ਸਾਹਸ ਹੋਵੇ ਤਾਂ ਇਹ ਜਗ ਅੱਖਾਂ ਤੋਂ ਬਗ਼ੈਰ ਵੀ ਮਿੱਠਾ ਬਣਾਇਆ ਜਾ ਸਕਦਾ ਹੈ। ਉਸ ਨੇ ਆਪਣੀ ਅੰਤਰ-ਦ੍ਰਿਸ਼ਟੀ ਚਾਰੇ ਪਾਸੇ ਦੁੜਾਈ ਤਾਂ ਪਤਾ ਲੱਗਾ ਕਿ ਸਵਾਰਥੀਆਂ ਦੇ ਸੀ.ਐੱਮ.ਸੀ ਹਸਪਤਾਲ ਵਿਚ ਦਾਖ਼ਲ ਹੋਇਆ ਤਾਂ ਪਹਿਲਾ ਵਾਹ ਬੜੇ ਹੀ ਹਮਦਰਦ ਡਾਕਟਰ ਫਰੈਂਕਨ ਨਾਲ ਪਿਆ। ਬਾਅਦ ਵਿਚ ਉਸ ਨੇ ਆਪਣੇ ਹਸਪਤਾਲ ਦੇ ਤਜ਼ਰਬੇ ਆਪਣੇ ਨਾਵਲ ਵਾਰਡ ਨੰਬਰ 10 ਵਿਚ ਸਾਂਝੇ।

ਡਾ. ਫਰੈਂਕਨ ਨੇ ਅਪਰੇਸ਼ਨ ਤਾਂ ਬੜੇ ਪ੍ਰੇਮ ਤੇ ਧਿਆਨ ਨਾਲ ਕੀਤਾ, ਪਰ ਨਿਗਾਹ ਨਾ ਪਰਤੀ। ਕਸੇਲ ਜੀ ਨੂੰ ਇਹ ਮਨਹੂਸ ਖ਼ਬਰ ਸੁਣਾਈ ਗਈ ਕਿ ਉਨ੍ਹਾਂ ਦੀ ਨਿਗਾਹ ਸਦਾ ਲਈ ਵਿਛੋੜਾ ਦੇ ਗਈ ਹੈ। ਲੁਧਿਆਣੇ ਦੇ ਸੀ.ਐੱਮ.ਸੀ. ਹਸਪਤਾਲ ਦੇ ਵਾਰਡ ਨੰਬਰ ਦਸ ਵਿਚ ਹੁਣ ਹੋਰ ਟਿਕੇ ਰਹਿਣ ਦਾ ਕੋਈ ਅਰਥ ਨਹੀਂ ਸੀ ਰਹਿ ਗਿਆ। ਏਸ ਔਖੇ ਮੌਕੇ ਉੱਤੇ ਬਹੁੜੇ ਨਾਮਧਾਰੀ ਮਹਾਰਾਜ ਜਗਜੀਤ ਸਿੰਘ ਜੀ। ਉਨ੍ਹਾਂ ਨੇ ਕਸੇਲ ਹੁਰਾਂ ਨੂੰ ਕੁਦਰਤੀ ਇਲਾਜ ਦੇ ਨਾਮਧਾਰੀ ਵਿਸ਼ੇਸ਼ੱਗ ਡਾ. ਤ੍ਰਿਲੋਕ ਸਿੰਘ ਪਾਸ ਜੀਵਨ ਨਗਰ (ਹਰਿਆਣਾ) ਭਿਜਵਾ ਦਿੱਤਾ, ਜਿੱਥੇ ਉਨ੍ਹਾਂ ਨੂੰ ਬੜਾ ਸੁਖਾਵਾਂ ਮਾਹੌਲ ਮਿਲਿਆ। ਇਸ ਦਾ ਫ਼ੌਰੀ ਲਾਭ ਇਹ ਹੋਇਆ ਕਿ ਜਿਸ ਮਹਾ-ਵਿਗੋਚੇ ਨੇ ਮਨੋਰੋਗ ਦਾ ਰੂਪ ਧਾਰਨਾ ਸੀ, ਉਹ ਗੁਰੂ ਕਿਰਪਾ ਸਦਕਾ, ਸੁੱਤੀ ਪਈ ਸਾਹਿਤਕ ਸਮਰੱਥਾ ਦੀ ਜਾਗ੍ਰਿਤੀ ਦਾ ਕਾਰਨ ਬਣ ਗਿਆ। ਉਨ੍ਹਾਂ ਨੂੰ ਇਉਂ ਮਹਿਸੂਸ ਹੋਇਆ ਜਿਵੇਂ ਉਨ੍ਹਾਂ ਦੇ ਅੰਦਰ ਇਕ ਜੋਤ ਜਗਣ ਲੱਗ ਪਈ ਹੈ ਤੇ ਉਨ੍ਹਾਂ ਦੀ ਜੀਭ ਉੱਤੇ ਸਰਵਤੀ ਆ ਵੱਸੀ ਹੈ। ਸੀ.ਐੱਮ.ਸੀ. ਦਾ ਇਕ ਕਰਮਚਾਰੀ, ਫ਼ਰੈਡੀ, ਜੋ ਹਸਪਤਾਲ ਵਿਚ ਹੀ ਉਨ੍ਹਾਂ ਦਾ ਸ਼ਰਧਾਲੂ ਬਣ ਗਿਆ ਸੀ, ਪੰਜਾਬੀ ਚੰਗੀ ਤਰ੍ਹਾਂ ਜਾਣਦਾ ਸੀ। ਉਹ ਉਨ੍ਹਾਂ ਪਾਸ ਜੀਵਨ ਨਗਰ ਪਹੁੰਚ ਗਿਆ। ਕਸੇਲ ਹੁਰਾਂ ਬੋਲਣਾ ਤੇ ਫ਼ਰੈਡੀ ਨੇ ਲਿਖਣਾ। ਉਨ੍ਹਾਂ ਦੇ 'ਵਾਰਡ ਨੰਬਰ 10' ਨਾਵਲ ਦੇ ਕਈ ਕਾਂਡ ਜੀਵਨ ਨਗਰ ਵਿਚ ਹੀ ਲਿਖੇ ਗਏ। ਫ਼ਰੈਡੀ ਦੀ ਕਲਮ, ਦਬਾ-ਦਬ, ਕਸੇਲ ਹੁਰਾਂ ਦਿਆਂ ਬੋਲਾਂ ਨੂੰ ਕਾਗਜ਼ਾਂ ਉੱਤੇ ਉਤਾਰਨ ਲੱਗ ਪਈ। ਨਾਵਲ ਲਿਖਿਆ ਜਾ ਚੁੱਕਾ ਸੀ, ਜਦੋਂ ਉਹ ਜੀਵਨ ਨਗਰ ਤੋਂ ਫੇਰ ਆਪਣੇ ਲੁਧਿਆਣੇ ਵਾਲੇ ਟਿਕਾਣੇ ਉੱਤੇ ਮੁੜ ਆਏ। ਫ਼ਰੈਡੀ ਵੀ ਨਾਲ ਆਇਆ। ਏਥੇ ਪਰਤਣ ਤੱਕ ਉਨ੍ਹਾਂ ਦਾ ਮਨ ਆਪਣੀ ਸਰੀਰਕ ਮਜ਼ਬੂਰੀ ਨੂੰ ਪੂਰੀ ਤਰ੍ਹਾਂ ਪਰਵਾਨ ਕਰ ਚੁੱਕਾ ਸੀ। ਉਨ੍ਹਾਂ ਨੂੰ ਨਾਮਧਾਰੀ ਗੁਰੂ ਜੀ ਦੀ ਮਾਨਸਿਕ ਟੇਕ ਮਿਲ ਚੁੱਕੀ ਸੀ, ਜਿਸ ਨਾਲ ਉਨ੍ਹਾਂ ਦਾ ਬਚਪਨ ਵਾਲਾ ਧਾਰਮਿਕ ਰੰਗ ਸੁਰਜੀਤ ਹੋ ਉੱਠਿਆ ਸੀ ਤੇ ਉਸਦੇ ਮੁਕਾਬਲੇ ਵਿਚ ਉਨ੍ਹਾਂ ਦਾ ਮਾਰਕਸੀ ਰੰਗ ਕੁਝ-ਕੁਝ ਫਿੱਕਾ ਪੈਣਾ ਸ਼ੁਰੂ ਹੋ ਗਿਆ ਸੀ। ਉਨ੍ਹਾਂ ਦਾ ਮਨ ਸ਼ੋਕਾਤੁਰ ਹੋਣੋਂ ਤੇ ਡੋਲਣੋਂ ਹਟ

ਗਿਆ। ਸ਼ਾਂਤ-ਚਿਤ ਹੋ ਕੇ ਉਨ੍ਹਾਂ ਨੇ ਵੱਖ-ਵੱਖ ਵਿਸ਼ਿਆਂ ਬਾਰੇ ਆਪਣੇ ਉਦਗਾਰ ਤੇ ਵਿਚਾਰ ਫ਼ਰੈਡੀ ਨੂੰ ਲਿਖਵਾਏ। ਉਦਗਾਰ 'ਛੱਤੀ ਅੰਮ੍ਰਿਤ' (ਕਵਿਤਾ) ਵਿਚ ਤੇ ਵਿਚਾਰ 'ਇੰਦਰ ਧਨੁਸ਼' (ਲੇਖ ਸੰਗ੍ਰਹਿ) ਵਿਚ ਸਾਂਭੇ ਗਏ। ਇਹ ਦੋਵੇਂ ਕਿਤਾਬਾਂ ਓਦੋਂ ਦੀ ਦੁਬਿਧਾ-ਰਹਿਤ ਮਾਨਸਿਕ ਦਸ਼ਾ ਦੀ ਉਪਜ ਹਨ।

ਜਿਸ ਖ਼ੂਬੀ ਨਾਲ ਇਸ ਅਲੋਕਾਰ ਮਾਨਵ ਦੀਆਂ ਸੂਖਮ ਅਨੁਭੂਤੀਆਂ, ਵਿਲੱਖਣ ਮਾਨਸਿਕ ਅਨੁਭਵਾਂ, ਦੁਰਗਮ ਮੰਡਲਾਂ ਦੀਆਂ ਉਡਾਰੀਆਂ ਤੇ ਗੰਭੀਰ ਸੋਚਾਂ ਨੂੰ ਪੰਜਾਬੀ ਵਿਚ ਪੇਸ਼ ਕਰ ਦਿੱਤਾ ਹੈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਸੇਲ ਹੁਰੀਂ ਅਨੁਵਾਦ ਵੇਲੇ ਪੂਰਨ ਸਿੰਘ ਨੂੰ ਆਪਣੇ ਅੰਦਰ ਵਸਾ ਕੇ, ਬਲਕਿ ਉਸ ਦੀ ਜੂਨ ਵਿਚ ਪੈ ਕੇ ਹੀ, ਅਨੁਵਾਦ ਕਰਦੇ ਹਨ। ਕਈ ਥਾਂ ਉਹ ਸ਼ਾਬਦਿਕ ਅਨੁਵਾਦ ਕਰਦੇ ਹਨ, ਕਈ ਥਾਂ ਭਾਵ-ਅਨੁਵਾਦ।

ਮੇਰੇ ਦਿਲ ਵਿਚ ਸਤਿਕਾਰ ਦਾ ਡੂੰਘਾ ਪ੍ਰਭਾਵ ਭਾਵੇਂ ਕਸੇਲ ਹੁਰਾਂ ਦੀ ਪ੍ਰੋ. ਪੂਰਨ ਸਿੰਘ ਵਾਲੀ ਯੋਜਨਾ ਦੀ ਪੂਰਤੀ ਨਾਲ ਪਿਆ, ਪਰ ਇਸ ਕਾਰਜ ਤੋਂ ਪਹਿਲਾਂ ਇਸ ਦੇ ਦੌਰਾਨ ਤੇ ਇਸ ਦੇ ਪਿਛੋਂ ਜੋ ਕੰਮ ਕਸੇਲ ਹੁਰੀਂ ਕਰਦੇ ਰਹੇ ਹਨ, ਉਹ ਅਕਾਰ ਤੇ ਪ੍ਰਕਾਰ ਵਜੋਂ ਕਿਸੇ ਵੀ ਸੁਜਾਖੇ ਲੇਖਕ ਨਾਲੋਂ ਘੱਟ ਨਹੀਂ ਸੀ, ਖ਼ਾਸ ਕਰਕੇ ਇਨ੍ਹਾਂ ਦਾ ਕਨੇਡਾ-ਨਿਵਾਸੀ ਨਾਵਲਕਾਰ ਗਿਆਨੀ ਕੇਸਰ ਸਿੰਘ ਲਈ ਕੀਤਾ ਕੰਮ ਮੈਨੂੰ ਬਹੁਤ ਖਿੱਚ ਪਾਉਂਦਾ ਹੈ। 'ਆਜ਼ਾਦ ਹਿੰਦ ਫ਼ੌਜ ਦੀ ਡਾਇਰੀ' ਦੀ ਭੂਮਿਕਾ ਕਸੇਲ ਜੀ ਨੇ ਲਿਖੀ, ਫੇਰ ਕੇਸਰ ਸਿੰਘ ਹੁਰਾਂ ਦੇ ਨਾਵਲਾਂ 'ਗਰੀਨ ਕਾਰਡ', 'ਵਾਰਿਸ ਸ਼ਾਹ ਦੀ ਮੌਤ', 'ਕਾਮਾਗਾਟਾਮਾਰੂ', 'ਇਕ ਮਾਂਗ ਸੰਧੂਰੀ' ਅਤੇ 'ਹਥਿਆਰਬੰਦ ਇਨਕਲਾਬ' ਦੀਆਂ ਭੂਮਿਕਾਵਾਂ ਵੀ ਉਨ੍ਹਾਂ ਨੇ ਹੀ ਲਿਖੀਆਂ। 'ਗਦਰ ਲਹਿਰ ਦੀ ਵਾਰਤਕ' ਦੇ ਸੰਪਾਦਨ ਦਾ ਸਾਰਾ ਕਾਰਜ ਇਨ੍ਹਾਂ ਨੇ ਹੀ ਨਿਭਾਇਆ ਹੈ। ਕੇਸਰ ਸਿੰਘ ਰਚਿਤ 'ਅਜ਼ਾਦੀ ਦੀ ਕਵਿਤਾ' ਤਾਂ ਛਪੀ ਹੀ ਪ੍ਰੋ. ਕਸੇਲ ਦੇ ਉੱਦਮ ਨਾਲ ਹੈ। ਜੇ ਕਸੇਲ ਜੀ ਗਿਆਨੀ ਕੇਸਰ ਸਿੰਘ ਹੁਰਾਂ ਨੂੰ ਇਹ ਪੁਸਤਕ ਛਪਵਾਉਣ ਦੀ ਪ੍ਰੇਰਨਾ ਨਾ ਕਰਦੇ ਤਾਂ ਸ਼ਾਇਦ ਇਹ ਅਨਮੋਲ ਕਵਿਤਾ ਛਾਪੇ ਦਾ ਜਾਮਾ ਪਹਿਨ ਹੀ ਨਾ ਸਕਦੀ। ਗਿਆਨੀ ਕੇਸਰ ਸਿੰਘ ਜੀ ਦੀ 'ਆਤਮ ਕਥਾ' ਦੇ ਸੰਪਾਦਨ ਤੇ ਉਸ ਦੀ ਸਾਰੀ ਸਮੱਗਰੀ ਨੂੰ ਭਿੰਨ-ਭਿੰਨ ਭਾਗਾਂ ਵਿਚ ਤਰਤੀਬ ਦੇਣ ਵਿਚ ਪ੍ਰੋ. ਕਸੇਲ ਜੀ ਦਾ ਵਿਸ਼ੇਸ਼ ਯੋਗਦਾਨ ਹੈ।

ਇਸ ਸਾਰੇ ਕੰਮ ਲਈ ਕਸੇਲ ਜੀ ਨੇ ਕਦੀ ਇਕ ਪੈਸੇ ਦੀ ਝਾਕ ਨਹੀਂ ਰੱਖੀ। ਉਹ ਇਹ ਸਮਝ ਕੇ ਸੇਵਾ ਕਰਦੇ ਰਹੇ ਹਨ ਕਿ ਕੇਸਰ ਸਿੰਘ ਇਕ ਵਿਅਕਤੀ ਨਹੀਂ, ਮਹਾਨ ਸੰਸਥਾ ਹੈ, ਜਿਸ ਦੇ ਕੰਮ ਦਾ ਯੋਗ ਮੁੱਲ ਸਮਕਾਲੀਆਂ ਨੇ ਅਜੇ ਪਾਉਣਾ ਹੈ। ਉਸ ਦੇ ਕੰਮ ਦੀ ਮਹਾਨਤਾ ਨੂੰ ਜਿੰਨਾ ਵੀ ਆਪਣੇ ਲੋਕਾਂ ਦੇ ਸਾਹਮਣੇ ਲਿਆ ਸਕੀਏ, ਓਨਾ ਹੀ ਅਸੀਂ ਆਪਣੇ ਸਿਰੋਂ ਨੈਤਿਕ ਕਰਜ਼ਾ ਲਾਹ ਰਹੇ ਹੋਵਾਂਗੇ। ਏਸ ਤਰ੍ਹਾਂ ਦੇ ਕਿੰਨੇ ਹੀ 'ਪੁੰਨ' ਦੇ ਸਾਹਿਤਕ ਕੰਮ ਹਨ ਜੋ ਕਸੇਲ ਜੀ ਸਮੇਂ-ਸਮੇਂ ਕਰਦੇ ਰਹੇ ਹਨ। ਮਸਲਨ, ਆਪਣੇ ਖ਼ਰਚ ਉੱਤੇ ਯਮਲੇ ਜੱਟ ਦੇ ਗੀਤਾਂ ਦਾ ਸੰਗ੍ਰਹਿ ਛਪਵਾਉਣਾ। ਨਾਮਧਾਰੀ ਸੰਪ੍ਰਦਾਇ ਦੇ ਮੁਕੰਮਲ ਇਤਿਹਾਸ ਨੂੰ ਕਲਮਬੰਦ ਕਰਨ ਦਾ ਵੱਡਾ ਕਾਰਜ ਆਪ ਨੇ ਬੜੀ ਮੇਹਨਤ ਨਾਲ ਕੀਤਾ।

ਕਸੇਲ ਜੀ ਦੀ ਪਤਨੀ ਕਹਿੰਦੀ ਹੈ, ਕਸੇਲ ਜੀ ਨੂੰ ਗ਼ੁੱਸਾ ਨਹੀਂ ਆਉਂਦਾ। ਉਨ੍ਹਾਂ ਦੀ ਧੀ ਕਹਿੰਦੀ ਹੈ, ਭਾਪਾ ਜੀ ਨੂੰ ਪਤਾ ਹੀ ਨਹੀਂ ਗੁੱਸੇ ਕਿਵੇਂ ਹੋਈਦੈ। ਕੋਈ ਕਿੰਨੀ ਵੱਡੀ ਗ਼ਲਤੀ ਕਰ ਬੈਠੇ, ਉਨ੍ਹਾਂ ਦੀ ਮਰਜ਼ੀ ਦੇ ਵਿਰੁੱਧ ਚਾਹੇ ਕੁਝ ਹੋ ਜਾਏ, ਨਾ ਉਨ੍ਹਾਂ ਦੀ ਅਵਾਜ਼ ਉੱਚੀ ਹੋਵੇਗੀ, ਨਾ ਉਸ ਵਿਚ ਕੁੜੱਤਣ ਦਾ ਅੰਸ਼ ਲੱਭੇਗਾ ਤੇ ਨਾ ਝਾੜ-ਝੰਬ ਹੋਵੇਗੀ। ਉਹ ਪਹਿਲਾਂ ਵਾਂਗ ਸ਼ਾਂਤੀ ਦੇ ਪੁੰਜ ਹੀ ਬਣੇ ਰਹਿਣਗੇ।

ਕਸੇਲ ਜੀ ਦੇ ਕੁਝ ਹੋਰ ਲੱਛਣ ਵੀ ਪਿਆਰੇ ਹਨ। ਮਸਲਨ, ਜਿਸ ਵੀ ਮਰਨੇ-ਪਰਨੇ ਉੱਤੇ ਉਨ੍ਹਾਂ ਨੂੰ ਬੁਲਾਇਆ ਗਿਆ ਹੋਵੇ, ਉਹ ਓਥੇ ਪਹੁੰਚਣ ਦਾ ਜਤਨ ਕਰਦੇ ਹਨ। ਜਿਸ ਵੀ ਸਭਾ-ਸੁਸਾਇਟੀ ਦੇ ਮੈਂਬਰ ਹਨ, ਉਸ ਦੀ ਮੀਟਿੰਗ ਵਿਚ ਜ਼ਰੂਰ ਹਾਜ਼ਰ ਹੁੰਦੇ ਹਨ। ਭੈਣੀ ਸਾਹਿਬ ਦੇ ਹਰ ਸਮਾਗਮ ਵਿਚ ਹਾਜ਼ਰੀ ਭਰਦੇ ਹਨ। ਆਪਣੇ ਦੋਸਤਾਂ-ਮਿਤਰਾਂ, ਮਿਹਰਬਾਨਾਂ ਨਾਲ, ਆਪ ਮਿਲ ਕੇ ਜਾਂ ਫ਼ੋਨ ਰਾਹੀਂ ਆਪਣੇ ਸੰਪਰਕ ਨੂੰ ਸਦਾ ਹਰਾ ਰੱਖਣ ਦਾ ਜਤਨ ਕਰਦੇ ਹਨ। ਜਿਸ ਵੀ ਸਭਾ ਨੇ ਪੇਪਰ ਲਿਖਣ ਲਈ ਜਾਂ ਭਾਸ਼ਣ ਦੇਣ ਲਈ ਬੁਲਾਇਆ ਹੋਵੇ, ਉਸ ਨੂੰ ਕਦੀ ਨਿਰਾਸ ਨਹੀਂ ਕਰਦੇ। ਸਭ ਤੋਂ ਵੱਡੀ ਗੱਲ, ਜੋ ਮੈਨੂੰ ਬਹੁਤ ਪਸੰਦ ਹੈ ਤੇ ਪ੍ਰਭਾਵਿਤ ਵੀ ਕਰਦੀ ਹੈ, ਇਨ੍ਹਾਂ ਦੀ ਪੰਜਾਬੀ ਭਾਸ਼ਾ ਦੇ ਹਿਤ ਦੀ ਮਜ਼ਬੂਤ ਪਕੜ ਹੈ। ਪੰਜਾਬੀ ਦੇ ਹੱਕ ਦੀ ਰਾਖੀ ਲਈ ਧਰਨਾ ਮਾਰਨਾ ਹੋਵੇ, ਜਲੂਸ ਕੱਢਣਾ ਹੋਵੇ ਜਾਂ ਜੇਲ੍ਹ ਵਿਚ ਜਾਣਾ ਹੋਵੇ, ਕਸੇਲ ਜੀ ਸਭ ਤੋਂ ਅੱਗੇ ਖੜੇ ਦਿੱਸਣਗੇ। ਅਸੀਂ ਉਨ੍ਹਾਂ ਮਰਜੀਵੜਿਆਂ ਨੂੰ ਵੀ ਜਾਣਦੇ ਹਾਂ, ਜੋ ਇਹੋ ਜਿਹੇ ਮੌਕੇ ਉੱਤੇ ਅਖ਼ਬਾਰਾਂ ਲਈ ਫ਼ੋਟੋ ਖਿਚਾਉਣ ਤੋਂ ਬਾਅਦ ਰਫੂ ਚੱਕਰ ਹੋ ਜਾਂਦੇ ਹਨ, ਪਰ ਇਸ ਤਰ੍ਹਾਂ ਦਾ ਦੂਬਾਜਰਾਪਨ, ਅੰਦਰੋਂ-ਬਾਹਰੋਂ ਇਕ ਕਸੇਲ ਜੀ ਲਈ ਅਸਲੋਂ ਓਪਰਾ ਹੈ। ਜਿਸ ਨੂੰ

ਉਨ੍ਹਾਂ ਦੀ ਸਾਹਿਤ-ਸੇਵਾ ਤੋਂ ਛੁੱਟ ਉਨ੍ਹਾਂ ਦੇ ਇਹੋ ਜਿਹੇ ਸਦਾਚਾਰ ਦਾ ਵੀ ਪਤਾ ਹੋਵੇ, ਉਹ ਇਨ੍ਹਾਂ ਦਾ ਸਤਿਕਾਰ ਕਿਵੇਂ ਨਾ ਕਰੇ?

ਇੰਦਰ ਧਨੁਸ਼

ਡਾ. ਐੱਸ. ਤਰਸੇਮ

ਸ਼ਬਦ ਸਾਹਿਤ, ਸਿਦਕੀ ਘੋਲਾਂ ਤੇ ਸੁੱਚੀ ਸਿਆਸਤ ਦੇ ਮਾਲਕ ਪ੍ਰੋ. ਕਸੇਲ ਨੂੰ ਮੈਂ ਪਹਿਲੀ ਵਾਰ ਉਸ ਦੀਆਂ ਦੋ ਪੁਸਤਕਾਂ ਰਾਹੀਂ ਸਤੰਬਰ, 1958 ਵਿਚ ਮਿਲਿਆ ਸੀ। ਇਹ ਦੋ ਪੁਸਤਕਾਂ ਸਨ- ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਅਤੇ ਸਾਹਿਤ ਦੇ ਰੂਪ। ਉਦੋਂ ਮੈਂ ਗਿਆਨੀ ਕਰ ਰਿਹਾ ਸੀ। ਨਾਥਾਂ ਜੋਗੀਆਂ ਤੇ ਫ਼ਰੀਦ ਜੀ ਤੋਂ ਲੈ ਕੇ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਤੱਕ ਮੈਂ ਅੱਧਾ ਸੈਂਕੜਾ ਕਲਮਾਂ ਦੇ ਦਰਸ਼ਨ ਤਾਂ ਦਸਵੀਂ ਤੱਕ ਹੀ ਕਰ ਲਏ ਸਨ ਉਨ੍ਹਾਂ ਵਿਚੋਂ ਕਿਸੇ ਦੇ ਅੱਖੀਂ ਦਰਸ਼ਨ ਕਰਨ ਦਾ ਸੁਭਾਗ 1960 ਤੱਕ ਨਹੀਂ ਸੀ ਹੋ ਸਕਿਆ।

ਸਭ ਤੋਂ ਪਹਿਲਾਂ ਜਿਸ ਅਦਬੀ ਸ਼ਖ਼ਸੀਅਤ ਨੂੰ ਅੱਖੀਂ ਤੱਕਿਆ ਤੇ ਕੰਨੀਂ ਸੁਣਿਆ ਤੇ ਜਿਸ ਦੀ ਦਸਤਾਰ ਤੋਂ ਚਰਨ ਦਾਸੀਆਂ ਤੱਕ ਦੀ ਤਸਵੀਰ ਅੱਜ ਵੀ ਮੇਰੇ ਦਿਲ ਦਿਮਾਗ਼ ਵਿਚ ਖੁਣੀ ਹੋਈ ਹੈ, ਉਹ ਹਨ ਪ੍ਰੋ. ਕਿਰਪਾਲ ਸਿੰਘ ਕਸੇਲ। ਭਾਵੇਂ ਆਪਣੇ ਸਾਰੇ ਅਧਿਆਪਕਾਂ ਦੀ ਗੱਲ ਕਸੇਲ ਬੜੇ ਸਤਿਕਾਰ ਨਾਲ ਕਰਦਾ ਹੈ ਪਰ ਸੇਖੋਂ ਦਾ ਵਿਦਿਆਰਥੀ ਹੋਣ ਦਾ ਉਸ ਨੂੰ ਵੱਖਰਾ ਹੀ ਸਰੂਰ ਹੈ। ਕਸੇਲ ਜਦੋਂ ਦੱਸਦਾ ਹੈ ਕਿ ਸਤਿਗੁਰੂ ਜਗਜੀਤ ਸਿੰਘ ਹੁਰਾਂ ਦੀ ਹਜ਼ੂਰੀ ਵਿਚ ਸੇਖੋਂ ਸਾਹਿਬ ਨੇ ਉਸ ਨੂੰ 'ਸ਼ਾਗਿਰਦੇ ਆਜ਼ਮ' ਕਹਿ ਕੇ ਬੁਲਾਇਆ ਸੀ ਤਾਂ ਉਸ ਦੀ ਛਾਤੀ ਹੋਰ ਚੌੜੀ ਹੋ ਗਈ।

ਪ੍ਰੋ. ਕਸੇਲ ਦੇ ਮੱਥੇ ਵਿਚ ਮਾਰਕਸ ਬੈਠਾ ਹੈ। ਦਿਲ ਵਿਚ ਸਤਿਗੁਰੂ ਰਾਮ ਸਿੰਘ। ਉਸ ਦੀ ਪਿੱਠ ਉਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਥਾਪੜਾ ਹੈ।

ਮਾਰਕਸਵਾਦ ਦੀ ਗੁੜ੍ਹਤੀ ਤਾਂ ਉਸ ਨੂੰ ਉਸ ਦੇ ਤਾਏ ਗ਼ਦਰੀ ਬਾਬੇ ਹਰਨਾਮ ਸਿੰਘ ਕਸੇਲ ਤੋਂ ਹੀ ਮਿਲ ਗਈ ਸੀ। 1937-38 ਤੋਂ ਸੋਹਣ ਸਿੰਘ ਭਕਨਾ, ਸੰਤ ਬਾਬਾ ਵਸਾਖਾ ਸਿੰਘ, ਬਾਬਾ ਕੇਸਰ ਸਿੰਘ ਠੱਠਗੜ੍ਹ ਅਤੇ ਕਾ. ਤੇਜਾ ਸਿੰਘ ਸੁਤੰਤਰ ਦੇ ਮੇਲ-ਮਿਲਾਪ ਅਤੇ ਮਾਰਕਸਵਾਦੀ ਸਾਹਿਤ ਪੜ੍ਹਨ ਦੀ ਚੇਟਕ ਨੇ ਉਸ ਨੂੰ ਇਤਿਹਾਸਿਕ ਭੌਤਿਕਵਾਦ ਦੇ ਐਸਾ ਲੜ ਲਾਇਆ ਕਿ ਇਹ ਰੰਗ ਉਸ ਦੀ ਪੁਸਤਕ ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਵਿਚ ਸਿਰ ਚੜ੍ਹ ਬੋਲ ਪਿਆ। ਬੋਲਦਾ ਵੀ ਕਿਉਂ ਨਾ। ਕਸੇਲ ਗ਼ਦਰੀ ਬਾਬਿਆਂ ਦੇ ਮੇਲ-ਮਿਲਾਪ 'ਤੇ ਹੀ ਨਾ ਰੁਕਿਆ, ਉਹਨਾਂ ਦੀਆਂ ਸਰਗਰਮੀਆਂ ਵਿਚ ਵੀ ਉਹਨਾਂ ਦੇ ਪੈਰ ਵਿਚ ਪੈਰ ਰੱਖਣ ਲੱਗਾ।

ਪਾਠਕ ਸੋਚਣਗੇ ਕਿ ਜਿਸਦੇ ਮਸਤਕ ਵਿਚ ਮਾਰਕਸ ਸੀ ਉਸਦੇ ਦਿਲ ਵਿਚ ਸਤਿਗੁਰੂ ਰਾਮ ਸਿੰਘ ਭਲਾ ਕਿਵੇਂ ਦਾਖਲ ਹੋ ਗਿਆ। ਪਿਆਰੇ ਪਾਠਕੋ! ਇਹ ਗੱਲ ਸੰਸਕਾਰਾਂ ਦੀ ਹੈ। ਸੰਸਕਾਰ ਬੜੇ ਪ੍ਰਬਲ ਹੁੰਦੇ ਹਨ। ਇਨ੍ਹਾਂ ਤੋਂ ਮੁਕਤ ਹੋਣਾ ਬੜਾ ਮੁਸ਼ਕਿਲ ਹੁੰਦਾ ਹੈ। ਤੁਹਾਨੂੰ ਇਹ ਸਾਰੀ ਕਹਾਣੀ ਖੋਲ੍ਹ ਕੇ ਸੁਣਾਉਣ ਲਈ ਮੈਨੂੰ ਕਿਰਪਾਲ ਸਿੰਘ ਨੂੰ ਧੁਰ ਬਚਪਨ ਤੱਕ ਲਿਜਾਣਾ ਪਵੇਗਾ।

ਕਿਰਪਾਲ ਸਿੰਘ ਦਾ ਜਨਮ 19 ਮਾਰਚ 1928 ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਕਸੇਲ ਸ. ਗੰਗਾ ਸਿੰਘ ਦੇ ਘਰ ਹੋਇਆ ਪਰ ਉਹਨਾਂ ਦਾ ਸਾਇਆ ਕਸੇਲ ਨੂੰ ਮਾਣਨ ਦਾ ਅਵਸਰ ਹੀ ਪ੍ਰਾਪਤ ਨਾ ਹੋਇਆ। ਹਾਂ, ਉਹਨਾਂ ਦੀਆਂ ਇਕੱਤਰ ਕੀਤੀਆਂ ਤੇ ਪੜ੍ਹੀਆਂ ਕਿਤਾਬਾਂ ਦੇ ਦੋ ਟਰੰਕ ਕਿਰਪਾਲ ਸਿੰਘ ਨੂੰ ਪਿਉ ਦੇ ਦਿੱਤੇ ਖਜ਼ਾਨੇ ਵਜੋਂ ਮਾਤਾ ਮਹਿੰਦਰ ਕੌਰ ਜੀ ਤੋਂ ਮਿਲੇ। ਧਰਮ, ਦਰਸ਼ਨ, ਸਿੱਖੀ ਤੇ ਹੋਰ ਪਤਾ ਨਹੀਂ ਕੀ ਕੀ ਕਿਰਪਾਲ ਸਿੰਘ ਨੂੰ ਇਹਨਾਂ ਕਿਤਾਬਾਂ ਰਾਹੀਂ ਅੰਮ੍ਰਿਤ ਰੂਪ ਵਿਚ ਮਿਲਿਆ। ਮਾਂ ਤੇ ਦਾਦੀ ਦੀ ਧਾਰਮਿਕ ਬਿਰਤੀ ਵੀ ਉਸ ਨੂੰ ਪ੍ਰਮਾਰਥ ਦੇ ਇਸ ਮਾਰਗ 'ਤੇ ਚੱਲਣ ਲਈ ਪ੍ਰੇਰਦੀ ਰਹੀ।

ਸਿੱਟੇ ਵਜੋਂ ਵੱਡਾ ਹੋ ਕੇ ਕਿਰਪਾਲ ਸਿੰਘ ਕਸੇਲ ਸਾਹਿਤ ਆਲੋਚਨਾ ਵਿਚ ਤਾਂ ਮਾਰਕਸਵਾਦੀ ਬਣਿਆ ਰਿਹਾ, ਪਰ ਉਸ ਦੀ ਜੀਵਨ ਜਾਚ ਭੈਣੀ ਸਾਹਿਬ ਨਾਲ ਜਾ ਜੁੜੀ। ਸਤਿਗੁਰੂ ਜਗਜੀਤ ਸਿੰਘ ਉਸ ਦੇ ਇਸ਼ਟ ਬਣ ਗਏ। ਹੁਣ ਕੋਈ ਵੀ ਕੰਮ ਦਾ ਸ਼੍ਰੀ ਗਣੇਸ਼ ਕਰਨਾ ਹੋਵੇ, ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਤੋਂ ਬਿਨਾਂ ਉਸ ਲਈ ਇਹ ਸੰਭਵ ਹੀ ਨਹੀਂ। "ਜੈਸਾ ਸਤਿਗੁਰੂ ਸੁਣੀਦਾ" ਅਤੇ "ਚਾਲੀਸਾ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ" ਸਤਿਗੁਰਾਂ ਦੀ ਲੀਲ੍ਹਾ ਦੇ ਹੀ ਕਾਵਿ ਪ੍ਰਵਚਨ ਹਨ। ਅੱਜ ਦੀ ਅਰਾਜਕਤਾਵਾਦੀ ਪੰਜਾਬੀ ਕਵਿਤਾ ਦੀ ਦੁਨੀਆਂ ਵਿਚ ਪ੍ਰਬੰਧ-ਕਾਵਿ ਰਚਨਾ ਕਸੇਲ ਦੀ ਨਜ਼ਰ ਵਿਚ ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਦਾ ਹੀ ਸਿੱਟਾ ਹੈ।

ਲਗਦੇ ਹੱਥ ਇਹ ਵੀ ਸੁਣ ਲਵੋ ਕਿ ਪ੍ਰੋ. ਕਸੇਲ ਜਦ ਲੁਧਿਆਣੇ ਜਾਂਦਾ ਹੈ ਤਾਂ ਭੈਣੀ ਸਾਹਿਬ ਵੀ ਜ਼ਰੂਰ ਜਾਂਦਾ ਹੈ।

ਕਈ ਵਾਰ ਉਹ ਸਿੱਧਾ ਭੈਣੀ ਸਾਹਿਬ ਹੀ ਜਾਂਦਾ ਹੈ। ਸਤਿਗੁਰਾਂ ਦੀ ਪ੍ਰੋ. ਕਸੇਲ ਤੇ ਏਨੀ ਕਿਰਪਾ ਹੈ ਕਿ ਅਨੇਕ ਵਾਰ ਉਹ ਪਟਿਆਲੇ ਤੋਂ ਕਸੇਲ ਨੂੰ ਲੈਣ ਲਈ ਗੱਡੀ ਭੇਜਦੇ ਹਨ।

ਜੇ ਪ੍ਰੋ. ਕਸੇਲ ਆਪੇ ਭੈਣੀ ਸਾਹਿਬ ਪਹੁੰਚ ਜਾਵੇ ਤਾਂ ਸਤਿਗੁਰੂ ਉਸ ਨੂੰ ਬੱਸ ਚੜ੍ਹਨ ਦੀ ਖਜਾਲਤ ਵਿਚ ਨਹੀਂ ਪੈਣ ਦਿੰਦੇ, ਭੈਣੀ ਸਾਹਿਬ ਤੋਂ ਕਾਰ ਕਸੇਲ ਨੂੰ ਪਟਿਆਲੇ ਛੱਡਣ ਜਾਂਦੀ ਹੈ। ਜਿੰਨਾ ਚਿਰ ਉਹ ਪ੍ਰੋਫੈਸਰ ਰਹੇ, ਪੜ੍ਹਨ ਦਾ ਕੋਈ ਚਾਹਵਾਨ ਵਿਦਿਆਰਥੀ ਉਨ੍ਹਾਂ ਦਾ ਸਹਾਇਕ ਬਣਿਆ ਰਿਹਾ, ਪਰ ਹੁਣ ਸਤਿਗੁਰਾਂ ਹੀ ਇਕ ਪੱਕਾ ਸੇਵਕ ਪ੍ਰੋਫੈਸਰ ਸਾਹਿਬ ਨੂੰ ਬਖ਼ਸ਼ਿਆ ਹੋਇਆ ਹੈ। ਪ੍ਰੋ. ਕਸੇਲ ਹੁਰਾਂ ਦੀ ਉਸ ਸੇਵਕ ਅਜੀਤ ਸਿੰਘ ਨਾਲ ਖ਼ੂਬ ਨਿਭਦੀ ਹੈ। ਅਜੀਤ ਸਿੰਘ ਪ੍ਰੋ. ਕਸੇਲ ਸਾਹਿਬ ਦਾ ਮਰਦਾਨਾ ਹੈ।

ਵਿਗਸੇ ਕਸੇਲ

ਪ੍ਰੋ. ਕਰਤਾਰ ਸਿੰਘ ਕਾਲੜਾ

ਸੂਝ ਪਾਰਸ 'ਤੇ ਜਦੋਂ ਘਸਦੀ ਹੈ ਤਾਂ ਉਪਜੇ ਕਸੇਲ।
ਅਕਲ ਕੁਝ ਤਾਵੀਜ਼ ਵਿਚ ਪੜ੍ਹਦੀ ਹੈ ਤਾਂ ਉਪਜੇ ਕਸੇਲ।
ਜਦ ਖ਼ਲੂਸ ਅਪੜੇ ਸਿਖਰ 'ਤੇ ਅਮਲ ਦਾ ਸੂਰਜ ਚੜ੍ਹੇ
ਚੇਤਨਾ ਵੀ ਸਾਨ 'ਤੇ ਚੜ੍ਹਦੀ ਹੈ ਤਾਂ ਉਪਜੇ ਕਸੇਲ।
ਸ਼ਬਦ ਦਾ ਜਦ ਖ਼ੂਬਸੂਰਤ ਪੈਰਹਨ ਪਹਿਨੇ ਖ਼ਿਆਲ,
ਜੀਭ ਕਲਮਾ ਸੱਚ ਦਾ ਪੜ੍ਹਦੀ ਹੈ ਤਾਂ ਉਪਜੇ ਕਸੇਲ।
ਜਦ ਭੀ ਅੰਦਰ ਗਿਆਨ ਦੇ ਸੂਰਜ ਦੀ ਜਗਦੀ ਹੈ ਮਸ਼ਾਲ,
ਝੂਠ ਦੀ ਪੁਤਲੀ ਜਦੋਂ ਸੜਦੀ ਹੈ ਤਾਂ ਉਪਜੇ ਕਸੇਲ।
ਸਿੱਧ ਹੁੰਦਾ ਹੈ ਉਹ ਮਿਲਟਨ ਸਾਹਿਤਕ ਆਕਾਸ਼ ਦਾ,
ਉਸ ਦੀ ਮਨ-ਸੋਝੀ ਅਗੰਮ ਗੰਮਦੀ ਹੈ ਤਾਂ ਉਪਜੇ ਕਸੇਲ।
ਬੇਸ਼-ਕੀਮਤ ਅਮਲ ਦੇ ਮੋਤੀ ਨੇ ਉਸ ਦੀ ਰੂਹ ਵਿਚ,
ਸੋਚ ਉਹ ਮੋਤੀ ਜਦੋਂ ਫੜਦੀ ਹੈ ਤਾਂ ਉਪਜੇ ਕਸੇਲ।
'ਕਾਲੜਾ' ਖ਼ੁਸ਼ਕਿਸਮਤੀ ਹੈ ਰੂਹ ਐਸੀ ਦੀ ਸਦਾ,
ਜੋ 'ਕਸੇਲੀ-ਸੋਚ 'ਤੇ ਰੜ੍ਹਦੀ ਹੈ ਤਾਂ ਵਿਗਸੇ ਕਸੇਲ।

ਪ੍ਰੋ. ਕਸੇਲ ਇਕ ਸੰਘਰਸ਼ਮਈ ਜੀਵਨ

ਪ੍ਰੋ. ਮਨਮੋਹਨ ਸਿੰਘ

ਗ਼ਦਰ ਪਾਰਟੀ, ਨਾਮਧਾਰੀ ਲਹਿਰ ਅਤੇ ਪ੍ਰੋ. ਪੂਰਨ ਸਿੰਘ- ਇਹ ਤਿੰਨ ਪ੍ਰੋ. ਕਸੇਲ ਲਈ ਪ੍ਰੇਰਨਾ ਦੇ ਮੁੱਖ ਸਰੋਤ ਰਹੇ ਹਨ।

ਪ੍ਰੋ. ਕਸੇਲ ਨੂੰ ਆਪਦੇ ਪਿਤਾ ਦੀ ਕੋਈ ਯਾਦ ਨਹੀਂ ਹੈ ਕਿਉਂ ਜੋ ਉਨ੍ਹਾਂ ਦੇ ਜਨਮ ਤੋਂ ਦਸ ਹਫਤੇ ਬਾਅਦ ਹੀ ਪਿਤਾ ਪਰਲੋਕ ਸਿਧਾਰ ਚੁੱਕਿਆ ਸੀ। ਉਨ੍ਹਾਂ ਪਾਸ ਆਪਣੇ ਪਿਤਾ ਦੇ ਸਕੂਲ ਦੇ ਦਿਨਾਂ ਦੀ ਇਕ ਫੋਟੋ ਅਤੇ ਸ਼ੈਕਸਪੀਅਰ ਦੇ ਨਾਟਕ ਸਾਖੀ (ਉਰਦੂ ਅੱਖਰਾਂ ਵਿਚ) ਅਤੇ ਹੋਰ ਕਈ ਪੁਸਤਕਾਂ ਨਿਸ਼ਾਨੀਆਂ ਹਨ।

ਉਨ੍ਹਾਂ ਦੇ ਬਚਪਨ ਦੇ ਦਿਨਾਂ ਵਿਚ ਪਿਤਾ ਦੀ ਕਮੀ ਦੀ ਪੂਰਤੀ ਕਿਸੇ ਹੱਦ ਤਕ ਉਨ੍ਹਾਂ ਦੇ ਤਾਇਆ ਬਾਬਾ ਹਰਨਾਮ ਸਿੰਘ ਕਸੇਲ ਨੇ ਕੀਤੀ। ਪਰ ਬਾਬਾ ਕਸੇਲ ਕਿਉਂ ਜੋ ਅਮਰੀਕਾ ਅਤੇ ਰੂਸ ਵਿਚ ਕਈ ਵਰ੍ਹੇ ਰਹੇ ਸਨ, ਇਸ ਕਰਕੇ ਉਹ ਬਾਲਕ ਕਿਰਪਾਲ ਸਿੰਘ ਨੂੰ ਚੰਗੀ ਅਗਵਾਈ ਦੇ ਸਕਦੇ ਸਨ। ਇਨ੍ਹਾਂ ਕਰਕੇ ਹੀ ਉਨ੍ਹਾਂ ਦਾ ਸੰਪਰਕ ਬਾਬਾ ਸੋਹਣ ਸਿੰਘ ਭਕਨਾ ਅਤੇ ਹੋਰ ਕਈ ਇਨਕਲਾਬੀ ਦੇਸ਼ ਭਗਤਾਂ ਨਾਲ ਬਣਿਆ।

ਪੰਜਾਬ ਭਾਸ਼ਾ ਵਿਭਾਗ ਵਿਚ ਸੇਵਾ ਸਮੇਂ ਪ੍ਰੋ. ਕਸੇਲ ਦੀ ਨਾਮਧਾਰੀ ਦਰਬਾਰ ਨਾਲ ਨੇੜਤਾ ਸੰਤ ਇੰਦਰ ਸਿੰਘ ਚਕਰਵਰਤੀ ਸਮੇਂ ਬਣੀ। ਇਸ ਤੋਂ ਪਹਿਲਾਂ ਬਾਬਾ ਸੋਹਣ ਸਿੰਘ ਭਕਨਾ ਵੀ ਨਾਮਧਾਰੀ ਲਹਿਰ ਨੂੰ ਸਤਿਕਾਰ ਨਾਲ ਵੇਖਦੇ ਸਨ। ਆਪ ਵੀ ਆਰੰਭ ਵਿਚ ਨਾਮਧਾਰੀ ਰਹੇ ਸਨ। ਹੁੰਦੇ-ਹੁੰਦੇ ਪ੍ਰੋ. ਕਸੇਲ ਉਪਰ ਸਤਿਗੁਰੂ ਜਗਜੀਤ ਸਿੰਘ ਹੋਰਾਂ ਦਾ ਪ੍ਰਭਾਵ ਇਤਨਾ ਡੂੰਘਾ ਹੋ ਗਿਆ ਕਿ ਹੁਣ ਹਰ ਰੋਜ਼ ਸਵੇਰੇ ਤਿੰਨ ਵਜੇ ਉੱਠ ਕੇ ਉਹ ਕੇਸੀ ਇਸ਼ਨਾਨ ਕਰਦੇ ਹਨ ਅਤੇ ਦੋ ਤਿੰਨ ਘੰਟੇ ਭਜਨ ਬੰਦਗੀ ਵਿਚ ਬਿਤਾਉਂਦੇ ਹਨ।

ਸੋ, ਪ੍ਰੋ. ਪੂਰਨ ਸਿੰਘ ਵਾਂਗ ਹੀ ਨਾਮਧਾਰੀ ਲਹਿਰ ਵੀ ਉਨ੍ਹਾਂ ਦੀ ਖੋਜ ਦਾ ਵਿਸ਼ਾ ਬਣ ਗਈ ਅਤੇ ਇਸ ਖੇਤਰ ਵਿਚ ਵੀ ਆਪ ਨੇ ਸ਼ਲਾਘਾਯੋਗ ਕੰਮ ਕੀਤਾ ਹੈ।

ਗਿਆਨੀ ਕੇਸਰ ਸਿੰਘ (ਕੈਨੇਡਾ) ਕਸੇਲ ਸਾਹਿਬ ਪਾਸ ਅਕਸਰ ਆਇਆ ਕਰਦੇ ਹਨ ਅਤੇ ਗ਼ਦਰ ਲਹਿਰ ਦੀਆਂ ਪੁਰਾਣੀਆਂ ਲਿਖਤਾਂ ਦੇ ਸੰਪਾਦਨ ਦਾ ਕੰਮ ਵੀ ਉਨ੍ਹਾਂ ਨੇ ਕਸੇਲ ਸਾਹਿਬ ਦੇ ਜ਼ਿੰਮੇ ਲਾਇਆ। ਇਸ ਕੰਮ ਨੂੰ ਆਪ ਨੇ ਬਹੁਤ ਚੰਗੀ ਤਰ੍ਹਾਂ ਨਿਭਾਇਆ। 'ਸੀਨੇ ਖਿਚ ਜਿਨ੍ਹਾਂ ਨੇ ਖਾਧੀ ਉਹ ਕਰ ਅਰਾਮ ਨਹੀਂ ਬਹਿੰਦੇ।' ਮੈਂ ਵੇਖਿਆ ਹੈ ਕਿ ਪ੍ਰੋ. ਕਸੇਲ ਵੀ ਆਪਣਾ ਸਮਾਂ ਵਿਹਲੀਆਂ ਗੱਲਾਂ ਵਿਚ ਨਹੀਂ ਗਵਾਉਂਦੇ, ਸਗੋਂ ਹਰ ਪਲ ਨੂੰ ਅਣਥੱਕ ਲਗਨ ਦੁਆਰਾ ਲਾਹੇਵੰਦਾ ਅਤੇ ਸਫਲ ਬਣਾਉਂਦੇ ਹਨ।

ਨਾਮਧਾਰੀ ਅਭਿਨੰਦਨ
ਪ੍ਰੋ. ਕਸੇਲ ਰਚਿਤ ਸ਼ਰਧਾਪੂਰਨ ਸਾਹਿਤ

ਪ੍ਰੋ. ਕਰਤਾਰ ਸਿੰਘ ਕਾਲੜਾ

ਪ੍ਰਿੰ. ਸੰਤ ਸਿੰਘ ਸੇਖੋਂ ਦੀ ਮਾਰਕਸੀ ਆਲੋਚਨਾ ਦੀ ਪਰਿਪਾਟੀ ਨੂੰ ਵਿਸ਼ਾਲਤਾ ਤੇ ਸਥਾਪਨਾ ਵੱਲ ਲੈ ਜਾਣ ਵਾਲੇ ਪੰਜਾਬੀ ਦੇ ਪ੍ਰਮੁੱਖ ਆਲੋਚਕ ਪ੍ਰੋ. ਕਿਰਪਾਲ ਸਿੰਘ ਕਸੇਲ ਦੇ ਜੀਵਨ ਵਿਚ ਮਾਰੂ ਦੁਰਘਟਨਾ ਵਾਪਰੀ। ਉਹ 1964 ਦੇ ਵਰ੍ਹੇ ਭਰ ਜਵਾਨੀ ਦੀ ਅਵਸਥਾ (36 ਸਾਲ) ਵਿਚ ਅਚਾਨਕ ਨੇਤਰ-ਹੀਣ ਹੋ ਗਏ। ਜੀਵਨ ਇੱਕਦਮ ਘੋਰ ਨਿਰਾਸ਼ਾ ਦਾ ਸ਼ਿਕਾਰ ਹੋ ਗਿਆ। ਬਾਹਰ ਵਰਤ ਗਏ ਹਨੇਰੇ ਨੇ ਅੰਤਰਵਰਤੀ ਗਿਆਨ ਦੇ ਪ੍ਰਕਾਸ਼ ਨੂੰ ਵੀ ਦੁਬਿਧਾ ਗ੍ਰਸਤ ਕਰ ਦਿੱਤਾ। ਜ਼ਿੰਦਗੀ ਦਾਰੂ-ਦਰਮਲ ਦੀ ਭਟਕਣ ਵਿਚ ਇੰਝ ਗ੍ਰਸੀ ਗਈ ਤੇ ਜੀਵਨ-ਨੱਈਆ ਭਰ ਸਰਵਰ ਵਿਚ ਇਉਂ ਡਗਮਗਾਉਣ ਲੱਗੀ ਤੇ ਤੂਫ਼ਾਨੀ ਲਹਿਰਾਂ ਦੇ ਥਪੇੜਿਆਂ ਇਸ ਤਰ੍ਹਾਂ ਘੇਰਿਆ ਕਿ ਕਿਨਾਰਿਆਂ ਦਾ ਥਹੁ ਪਤਾ ਹੀ ਨਾ ਲੱਗੇ। ਬਹੁਤ ਸਾਰੇ ਨਾ-ਖ਼ੁਦਾਵਾਂ ਨੇ ਵੀ ਅੱਖਾਂ ਫੇਰ ਲਈਆਂ।

'ਕਾਮਰੇਡ ਦੇ ਲੇਬਲ' ਕਾਰਣ ਕਿਸੇ ਧਰਮ ਪ੍ਰਾਇਣ ਗੁਰਮਤਿ ਦੀ ਧਾਰਨੀ ਸੰਸਥਾ ਨੇ ਬਾਂਹ ਨਾ ਫੜੀ। ਪਰ ਵਿਸ਼ਾਲ ਹਿਰਦੇ ਦੇ ਮਾਲਕ ਨਾਮਧਾਰੀ-ਪੰਥ ਨੇ ਆਪ ਦਾ ਧਿਆਨ ਖਿੱਚਿਆ। 10 ਸਤੰਬਰ, 1959 ਨੂੰ ਭੈਣੀ ਸਾਹਿਬ ਵਿਚ ਹੋਏ ਵੱਡੇ ਇਕੱਠ ਦੀਆਂ ਯਾਦਾਂ ਬਹੁਤ ਸਾਰੇ ਸਾਹਿਤਕਾਰਾਂ ਦੇ ਮਨਾਂ ਵਿਚ ਵੱਸੀਆਂ ਹੋਈਆਂ ਸਨ। ਸੰਤ ਚਕ੍ਰਵਰਤੀ (ਇੰਦਰ ਸਿੰਘ) ਹੋਰਾਂ ਦੀ ਪ੍ਰੇਰਨਾ ਸਦਕਾ ਇਹ ਸਾਹਿਤਕਾਰ ਬਾਬਾ ਜਗਜੀਤ ਸਿੰਘ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ 'ਸਤਿਗੁਰੂ ਵਾਲੀ ਗੱਦੀ 'ਤੇ ਸੁਭਾਇਮਾਨ ਕਰਨ ਵਾਲੇ ਸ਼ੁੱਭ-ਅਵਸਰ ਵਿਚ ਸ਼ਾਮਿਲ ਹੋਣ ਪਹੁੰਚੇ ਸਨ। ਸਾਹਿਤਕਾਰਾਂ ਨੂੰ ਜਲੇਬੀਆਂ ਦਾ ਲੰਗਰ ਨਵ-ਗੱਦੀਨਸ਼ੀਨ ਬਾਬਾ ਜੀ, ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਹੱਥੀਂ ਵਰਤਾਇਆ ਤੇ ਛਕਦਿਆਂ ਨੂੰ ਭਲੀ ਦ੍ਰਿਸ਼ਟੀ ਨਾਲ ਨਿਹਾਰ ਕੇ ਪ੍ਰਸੰਨਤਾ ਦਰਸਾਈ ਸੀ। ਸਾਹਿਤਕਾਰਾਂ ਤੇ ਕਲਾਕਾਰਾਂ ਦੀ ਕਦਰ ਕਰਨ ਵਾਲੀ ਆਪਣੀ ਰੀਤ ਨੂੰ ਨਿਭਾਉਂਦਿਆਂ ਉਨ੍ਹਾਂ ਨੇ ਨਾ ਕੇਵਲ ਪ੍ਰੋ. ਕਸੇਲ ਨੂੰ ਆਪਣੇ ਪਾਸ ਇਲਾਜ ਲਈ ਹੀ ਬੁਲਾ ਲਿਆ ਸਗੋਂ ਕੋਲ ਰੱਖ ਕੇ ਹੋਰ ਕਦਰਦਾਨੀਆਂ ਦੀ ਵੀ ਝੜੀ ਲਗਾ ਦਿੱਤੀ। ਇਸ ਤਰ੍ਹਾਂ ਪ੍ਰਾਪਤ ਹੋਏ ਆਤਮ ਬਲ ਦਾ ਜ਼ਿਕਰ ਪ੍ਰੋ. ਕਸੇਲ ਨੇ 'ਛੱਤੀ ਅੰਮ੍ਰਿਤ' ਦੇ ਦੋਹਿਆਂ ਵਿਚ ਇਉਂ ਕੀਤਾ ਹੈ:

ਸਤਿਗੁਰ ਮਾਲਾ ਬਖ਼ਸ਼ ਕੇ
ਕੀਤਾ ਵਡ ਉਪਕਾਰ।
ਚਰਨ-ਕਮਲ ਤੋਂ ਵਾਰਨੇ
ਜਾਵਾਂ ਸੌ-ਸੌ ਵਾਰ।

ਅਤੇ 'ਚਾਲੀਸਾ ਸਤਿਗੁਰੂ ਜਗਜੀਤ ਸਿੰਘ ਜੀ 'ਪੁਸਤਕ ਦੇ ਪਹਿਲੇ ਸਵੱਯੇ ਦੇ ਪਹਿਲੇ ਚਰਨ ਵਿਚ ਵੀ ਇਉਂ ਲਿਖਿਆ ਹੈ-

ਦੀਨ ਦੁਖੀ ਦਾ ਸਹਾਏ,
ਦਾਤ ਨਾਮ ਵਰਤਾਏ,
ਸ਼ਹਿਨਸ਼ਾਹਾਂ ਵਾਲੀ ਰੀਤ ਹੈ।

ਸੋ ਸਹਿਜ ਸੁਭਾਏ ਪਰਉਪਕਾਰੀ ਸੁਭਾਅ ਵਾਲੇ ਸਤਿਗੁਰੂ ਦੀ ਕ੍ਰਿਤਿਗਯਤਾ ਲਈ ਪੁਸ਼ਪ-ਸਮਰਪਨ ਵਜੋਂ ਪ੍ਰੋ. ਕਸੇਲ ਬਾਕੀ ਸਾਹਿਤ ਸੇਵਾ ਦੇ ਨਾਲ-ਨਾਲ 'ਨਾਮਧਾਰੀ ਸਾਹਿਤ' ਵੱਲ ਵੀ ਰੁਚਿਤ ਹੋ ਗਏ ਤੇ ਉਨ੍ਹਾਂ ਨੇ ਦੋ ਕਾਵਿ-ਗ੍ਰੰਥਾਂ "ਜੈਸਾ ਸਤਿਗੁਰ ਸੁਣੀਦਾ" ਅਤੇ "ਚਾਲੀਸਾ ਸ੍ਰੀ ਸਤਿਗੁਰੂ ਜਗਜੀਤ ਸਿੰਘ" ਜੀ ਦੀ ਰਚਨਾ ਕੀਤੀ।

"ਜੈਸਾ ਸਤਿਗੁਰ ਸੁਣੀਦਾ" ਅੱਠ ਅਧਿਆਇ ਆਧਾਰਿਤ ਪ੍ਰਬੰਧ-ਕਾਵਿ ਹੈ। ਇਨ੍ਹਾਂ ਅਧਿਆਵਾਂ ਵਿਚੋਂ ਪੰਜ ਅਧਿਆਵਾਂ ਦਾ ਸੰਬੰਧ ਨਾਮਧਾਰੀ ਪੰਥ ਦੀਆਂ ਗੁਰੂ ਜੋਤਾਂ ਨਾਲ ਹੈ ਗੁਰੂ ਬਾਲਕ ਸਿੰਘ, ਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ, ਗੁਰੂ ਪ੍ਰਤਾਪ ਸਿੰਘ ਅਤੇ ਗੁਰੂ ਜਗਜੀਤ ਸਿੰਘ। ਪਹਿਲਾ ਅਧਿਆਇ ਮੰਗਲਾਚਰਨ ਦਾ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਨਾਮਧਾਰੀ ਗੁਰੂਆਂ ਤੱਕ ਦੀ ਆਰਾਧਨਾ ਕੀਤੀ ਗਈ ਹੈ ਦੂਜੇ ਅਧਿਆਇ ਵਿਚ ਗੁਰੂ ਚਰਨਾਂ ਵਿਚ ਅਰਦਾਸ ਕੀਤੀ ਗਈ ਹੈ ਕਿ ਲੇਖਕ ਨੂੰ ਕਾਵਿ ਸਮਰੱਥਾ ਬਖਸ਼ਣ ਤਾਂ ਜੋ ਉਹ ਸ਼ਰਧਾ ਦੇ ਫੁੱਲ ਭੇਟ ਕਰ ਸਕੇ। ਅਠਵੇਂ ਅਧਿਆਇ ਵਿਚ ਨਾਮਧਾਰੀ ਪੰਥ ਦੀਆਂ ਵਿਸ਼ੇਸ਼ ਸਮਾਜਕ, ਧਾਰਮਿਕ ਅਤੇ ਰਾਜਸੀ ਗੁਣਾਂ ਤੇ ਪ੍ਰਾਪਤੀਆਂ ਦਾ ਜ਼ਿਕਰ ਹੈ। ਇਸ ਅਧਿਆਇ ਦੇ ਗੌਣ ਸਿਰਲੇਖਾਂ ਹੇਠਾਂ ਬਾਰਾਂਮਾਹ, ਸਤਵਾਰਾ ਅਤੇ ਪਹਿਰੇ ਉਪਰੰਤ ਗ੍ਰੰਥ ਦੀ ਸੰਪੂਰਨਤਾ ਉਪਰ ਸ਼ੁਕਰਾਨੇ ਵਜੋਂ ਅਰਦਾਸ ਕੀਤੀ ਹੈ।

"ਚਾਲੀਸਾ" ਵਿਚ ਵੀ ਪਹਿਲੇ ਦੋ ਅਧਿਆਇ ਅਤੇ ਅੱਠਵੇਂ ਅਧਿਆਇ ਵਿਚਲੇ ਕੁਝ ਭਾਗ ਇਸੇ ਹੀ ਤਰਤੀਬ ਵਿਚ "ਜੈਸਾ ਸਤਿਗੁਰੂ ਸੁਣੀਦਾ"ਵਾਂਗ ਹੀ ਹਨ; ਉਹੀ ਮੰਗਲਾਚਰਨ, ਉਹੀ ਅਰਦਾਸ, ਉਹੀ ਬਾਰਾਂਮਹ। ਸੋ ਦੋਹਾਂ ਗ੍ਰੰਥਾਂ ਦਾ ਪੈਟਰਨ ਪੁਰਾਤਨ ਕਿੱਸਾ-ਕਾਵਿ ਦੇ ਪੈਟਰਨ ਵਾਲਾ ਹੀ ਹੈ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ ਦਾ ਵਰਣਨ ਪ੍ਰੋ. ਕਸੇਲ ਦੀ ਰਚਨਾ ਵਿਚ ਵਿਸ਼ੇਸ਼ ਸਥਾਨ ਰੱਖਦਾ ਹੇ। ਜਿਥੇ "ਜੈਸਾ ਸਤਿਗੁਰੂ ਸੁਣੀਂਦਾ" ਵਿਚ ਪੂਰਾ ਸੱਤਵਾਂ ਅਧਿਆਇ 50 ਪੰਨੇ ਦਾ ਸਤਿਗੁਰੂ ਜਗਜੀਤ ਸਿੰਘ ਦੇ ਗੁਣ ਗਾਇਣ ਲਈ ਅਰਪਣ ਕੀਤਾ ਹੈ। ਉੱਥੇ "ਚਾਲੀਸਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ" ਵਿਚ 40 ਸਵੱਈਏ, ਉਨ੍ਹਾਂ ਦੀ 40 ਸਾਲਾਂ ਦੇ ਗੁਰਗੱਦੀ ਕਾਲ ਨੂੰ ਸਮਰਪਿਤ ਹਨ। "ਜੈਸਾ ਸਤਿਗੁਰ ਸੁਣੀਦਾ" ਵਿਚ ਵਧੇਰੇ ਵਿਸਥਾਰ ਨਾਲ ਉਨ੍ਹਾਂ ਦੇ ਕੰਮਾਂ 'ਤੇ ਨਾਮਧਾਰੀ ਪੰਥ ਲਈ ਦਿੱਤੀ ਅਗਵਾਈ –

ਗੱਦੀ ਨਸ਼ੀਨੀ ਦਾ ਦਿਵਸ
ਮਿਥਿਆ ਗਿਆ ਸੀ ਖਾਸ।
ਵੱਡਾ ਸਮਾਗਮ ਹੋਏਗਾ
ਸਭਨਾ ਨੂੰ ਸੀ ਆਸ।
ਸੁਣੀਂ ਜਦੋਂ ਇਹ ਖ਼ਬਰ ਤਾਂ
ਸੰਗਤਾਂ ਘਤੀ ਵਹੀਰ।
ਭੈਣੀ ਸਾਹਿਬ ਨੂੰ ਤੁਰ ਪਈ
ਲੋਕਾਂ ਦੀ ਵਡ ਭੀੜ।
ਕਈਆਂ ਦੇ ਮਨ ਚਾਉ ਸੀ
ਗੁਰ-ਦਰਸ਼ਨ ਦੀ ਸਿੱਕ।
ਦਰਸ਼ਨ ਕਰਕੇ ਗੁਰੂ ਦਾ,
ਮਨ ਜਾਵੇਗਾ ਟਿੱਕ।

"ਚਾਲੀਸਾ ਸਤਿਗੁਰੂ ਜਗਜੀਤ ਸਿੰਘ" ਦੇ ਸਵੱਈਏ ਵੀ ਉਪਰੋਕਤ ਕਾਰਣ ਕਰਕੇ ਵਰਣਨ ਵਿਧੀ ਦੀ ਸਵੈ ਸਿਰਜਣਾ ਕਰਦੇ ਪ੍ਰਤੀਤ ਹੁੰਦੇ ਹਨ। ਪਹਿਲੇ ਪੰਦਰਾਂ, 25 ਤੋਂ 27 ਅਤੇ 34 ਨੰਬਰ ਸਵੱਯੇ ਗੁਰੂ ਜਗਜੀਤ ਦੇ ਗੁਣ ਗਾਇਣ ਵਜੋਂ ਹਨ। ਸਵੱਯੇ 16, 17, 18 ਅਤੇ 28 ਨਾਮਧਾਰੀ ਤੀਰਥ ਸ੍ਰੀ ਭੈਣੀ ਸਾਹਿਬ ਦੇ ਵਿਕਾਸ ਤੇ ਪਵਿੱਤਰਤਾ ਨਾਲ ਸੰਬੰਧਿਤ ਹਨ। ਜਿਹੜੀ ਸਮਸਤ ਗੁਰੂ ਵਿਅਕਤੀਆਂ ਦੀ ਚਰਨ-ਛੋਹ ਪ੍ਰਾਪਤ ਧਰਤੀ ਹੈ। ਸਵੱਈਆ ਨੰਬਰ 18, 19 ਸਤਿਗੁਰੂ ਰਾਮ ਸਿੰਘ ਜੀ ਦੀ ਵਡਿਆਈ ਵਿਚ ਹਨ, 21 ਤੋਂ 24 ਤੱਕ ਦੇ ਸਵੱਈਏ ਸਤਿੱਗੁਰੂ ਪ੍ਰਤਾਪ ਸਿੰਘ ਜੀ ਦੀ ਕੀਰਤੀ ਦਾ ਗਾਇਨ ਕਰਦੇ ਹਨ, ਬਾਕੀ ਦੇ ਸਵੱਈਏ ਧਰਮ ਕੀ ਹੈ? ਗੁਰੂ ਕੀ ਹੈ? ਗੁਰੂ ਦਾ ਧਰਮ ਕੀ ਹੈ? ਗੁਰੂ ਦਾ ਮਹੱਤਵ ਕੀ ਹੈ? ਉਸ ਦੀ ਲੋੜ ਕਿਉਂ ਹੁੰਦੀ ਹੈ? ਅਤੇ ਗੁਰੂ ਦੀ ਮਹਾਨ ਮਹਿਮਾ ਤੇ ਕੀਰਤੀ ਨਾਲ ਸੰਬੰਧਿਤ ਹਨ। ਇਨ੍ਹਾਂ ਸਵੱਯਾਂ ਦਾ ਸਰਬ ਕਾਲਕ ਮਹੱਤਵ ਹੈ।

ਇਨ੍ਹਾਂ ਸਵੈਯਾਂ ਦੇ ਪੈਟਰਨ ਬਾਰੇ ਗੱਲ ਕਰਨੀ ਵੀ ਜ਼ਰੂਰੀ ਹੈ। ਸਵੈਯਾ ਇੱਕ ਤੋਂ ਪੰਜ ਦੀ ਅੰਤਿਮ ਪੰਕਤੀ "ਵਾਹੁ, ਵਾਹੁ, ਵਾਹੁ, ਵਾਹੁ ਗੁਰੂ ਜਗਜੀਤ ਹੈ।" ਗਿਆਰਾਂ ਤੋਂ ਪੰਦਰਾਂ ਤੱਕ ਦੇ ਸਵੈਈਏ "ਗੁਰੂ ਜਗਜੀਤ ਦੀ ਸੰਗੀਤ ਨਾਲ ਪ੍ਰੀਤ ਹੈ।" ਦੀ ਪੰਕਤੀ ਨਾਲ ਸਮਾਪਤ ਹੁੰਦੇ ਹਨ। ਇਸ ਲਈ ਇਨ੍ਹਾਂ ਦਸਾਂ ਸਵੱਯਾਂ ਦੇ ਕਾਫ਼ੀਏ ਜਗਜੀਤ, ਪ੍ਰੀਤ, ਸੰਗੀਤ, ਰੀਤ, ਮੀਤ, ਹਨ ਤੇ ਇਨ੍ਹਾਂ ਵਿਚ "ਹੈ" ਸ਼ਬਦ ਰਦੀਫ਼ ਵਜੋਂ ਵਰਤਿਆ ਗਿਆ ਹੈ। ਛੇ ਤੋਂ ਦਸ ਤਕ ਦੀ ਅੰਤਿਮ ਸਤਰ "ਗੁਰੂ ਜਗਜੀਤ ਉਤੋਂ ਜਾਈਏ ਬਲਿਹਾਰ ਜੀ"ਹੈ, ਕਾਫ਼ੀਆ ਬਲਿਹਾਰ, ਕਰਤਾਰ, ਸਰਦਾਰ ਆਦਿ ਹੈ ਤੇ ਰਦੀਫ਼ "ਜੀ" ਹੈ। ਇਸੇ ਤਰ੍ਹਾਂ "ਗੁਰੂ ਹਰੀ ਸਿੰਘ ਤੇਰੀ ਵੱਡੀ ਵਡਿਆਈ ਹੈ", "ਚੀਨੀ ਵਾਲੇ ਬਾਪ ਤੇਰੀ ਵੱਡੀ ਵਡਿਆਈ ਹੈ" ਅਤੇ "ਗੁਰੂ ਪ੍ਰਤਾਪ ਤੇਰੀ ਕੀਰਤੀ ਅਪਾਰ ਜੀ" ਅੰਤਿਮ ਪੰਕਤੀਆਂ ਨੇ ਸਵੱਯਾਂ ਵਿਚ ਸ਼ਰਧਾ ਪ੍ਰੇਮ ਤੇ ਸੰਗੀਤਕਤਾ ਦਾ ਤੱਤ ਭਰਪੂਰ ਮਾਤਰਾ ਵਿਚ ਭਰ ਦਿੱਤਾ ਹੈ।

ਪ੍ਰੋ. ਕਸੇਲ ਨੇ ਇਨ੍ਹਾਂ ਦੋਹਾਂ ਗ੍ਰੰਥਾਂ ਵਿਚ ਇਕ 'ਬਾਰਾਂ ਮਾਹ' ਵੀ ਰਚਿਆ ਹੈ। "ਜੈਸਾ ਸਤਿਗੁਰੂ ਸੁਣੀਂਦਾ" ਵਿਚ ਇਸ ਦਾ ਸਿਰਲੇਖ 'ਬਾਰਾਂ ਮਾਹ' ਅਤੇ "ਚਾਲੀਸਾ" ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ-ਪ੍ਰੇਮ ਦਾ ਬਾਰਾਂ ਮਾਹ ਦਿੱਤਾ ਹੈ। ਚੇਤ ਮਹੀਨੇ ਬਾਰੇ ਲਿਖਿਆ ਹੈ :-

ਚੜ੍ਹਿਆ ਚੇਤ ਸੁਹਾਵੜਾ
ਰੁੱਤ ਬਸੰਤ ਬਹਾਰ।
ਭੌਰੇ ਫਿਰਦੇ ਬਣਾਂ ਵਿਚ
ਖਿੜਦੇ ਫੁੱਲ ਹਜ਼ਾਰ।
ਚੇਤਰ ਖਿੜਦੇ ਫੁੱਲ ਹਜਾਰ,
ਮਨ ਨੂੰ ਆਵੇ ਕਿਵੇਂ ਕਰਾਰ?
ਵੱਸੇ ਪ੍ਰੀਤਮ ਦਿਲ ਵਿਚਕਾਰ,
ਧੀਰਜ ਤਾਂ ਧਰਾਂ।

"ਸਤਵਾਰਾ" ਸਿਰਲੇਖ ਹੇਠ ਦੀ ਇਕ ਰਚਨਾ "ਜੈਸਾ ਸਤਿਗੁਰੂ ਸੁਣੀਂਦਾ" ਵਿਚ ਦਰਜ ਹੈ। ਇਸ ਵਿਚ ਪਹਿਲੇ 6 ਸ਼ੇਅਰ ਅੜਿਲ ਦੀ ਬੰਦਿਸ਼ ਵਿਚ ਹਨ ਜੋ 16 ਮਾਤ੍ਰਾਵਾਂ ਦੇ ਸਮਤੋਲ ਹੈ। ਪਹਿਲਾ ਦੋਹਾ, ਫਿਰ ਮਨੋਦਸ਼ਾ ਨੂੰ ਦਰਸਾਉਂਦੇ ਚਾਰ ਸਰਨੀ ਸਮਕਾਫ਼ੀਏ ਵਾਲਾ ਭਾਗ ਤੇ ਅੰਤਿਮ ਪੰਕਤੀ 11 ਮਾਤ੍ਰਾਵਾਂ ਵਾਲੀ ਭਾਵ ਦੋਹੇ ਦੀ ਪੰਕਤੀ ਤੇ ਪਿਛਲੇ ਅੱਧ ਦੇ ਬਰਾਬਰ। ਉਦਾਹਰਣ ਪੇਸ਼ ਹੈ :-

ਸੋਮਵਾਰ ਹੈ ਚੜ੍ਹ ਪਿਆ, ਵੱਸੇ ਗੁਰੂ ਪਿਆਰ।
ਮਨ ਖਿੜਿਆ ਹੈ ਕੰਵਲ ਸਮ, ਬਰਸੇ ਅੰਮ੍ਰਿਤ ਧਾਰ।
ਸੋਮਵਾਰ ਪਿਆਰਾ ਹੈ ਚੜ੍ਹਿਆ,

ਮਨ ਵਿਚ ਗੁਰ ਮੂਰਤ ਨੂੰ ਧਰਿਆ।
ਨਾਮ ਅਰਾਧ ਚੁਬਾਰੇ ਵੜਿਆ
ਦੀਪਕ ਮਨ ਮਸਤਕ ਵਿਚ ਧਰਿਆ
ਜਾਵਾਂ ਬਲਿਹਾਰ ਮੈਂ।

ਪੈਰੇ ਦੇ ਸਿਰਲੇਖ ਹੇਠ ਵੀ ਦਿਨ ਦੇ ਅੱਠਾਂ ਪਹਿਰਾਂ ਦਾ ਵਰਣਨ ਕੀਤਾ ਹੈ ਜਿਸ ਵਿਚ ਭੈਣੀ ਸਾਹਿਬ ਵਿਚ ਗੁਰੂ ਜਗਜੀਤ ਸਿੰਘ ਅਤੇ ਸੰਗਤ ਦੇ ਦੀਵਾਨਾਂ ਦਾ, ਜਾਪ ਸਿਮਰਨ ਦਾ, ਦਰਸ਼ਨ ਦੇਣ ਦੇ ਸਮੇਂ ਦਾ, ਪਹਿਰਾਂ ਅਨੁਸਾਰ ਬੜਾ ਭਾਵੁਕ, ਪਰ ਖੂਬਸੂਰਤ ਵਰਣਨ ਹੈ।

ਦੋਵੇਂ ਪੁਸਤਕਾਂ ਜਿੱਥੇ ਪ੍ਰੋ. ਕਸੇਲ ਵੱਲੋਂ ਭੇਟ ਕੀਤੇ ਸ਼ਰਧਾਤਮਕ ਭਾਵ ਹਨ, ਉੱਥੇ ਸਾਹਿਤਕ ਗੁਣਾਂ ਨਾਲ ਵੀ ਭਰਪੂਰ ਹਨ।

ਸੰਘਰਸ਼, ਸਾਹਸ ਅਤੇ ਆਸਥਾ ਦਾ ਪ੍ਰਤੱਖ ਸਰੂਪ

ਡਾ.ਗੁਰਬਚਨ ਸਿੰਘ ਰਾਹੀ

ਪ੍ਰੋ. ਕਿਰਪਾਲ ਸਿੰਘ ਕਸੇਲ, ਪੰਜਾਬੀ ਦੇ ਉਨ੍ਹਾਂ ਸਿਰਮੌਰ ਸਾਹਿਤਕਾਰਾਂ ਵਿਚੋਂ ਸਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਸਿਰਜਨਾਤਮਕ ਅਤੇ ਗੁਣਾਤਮਕ ਪੱਖ ਤੋਂ ਸ਼ਕਤੀਸ਼ਾਲੀ ਅਤੇ ਸਮਰੱਥ ਬਣਾਉਣ ਵਿਚ ਇਕ ਨਿੱਗਰ ਭੂਮਿਕਾ ਨਿਭਾਈ ਹੈ।ਪੰਜਾਬੀ ਭਾਸ਼ਾ ਕੋਈ ਸਾਧਾਰਣ ਭਾਸ਼ਾ ਨਹੀਂ ਹੈ। ਇਹ ਇਕ ਬਲਵਾਨ ਭਾਸ਼ਾ ਹੈ ਤੇ ਇਹ ਸੂਖਮ ਤੋਂ ਅਤਿ ਸੂਖਮ ਵਿਚਾਰਾਂ ਦਾ ਸੰਚਾਰ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਭਾਸ਼ਾ ਵਿਚ ਕੇਵਲ ਅਧਿਆਤਮਕ ਸਮੱਗਰੀ ਹੀ ਉਪਲੱਬਧ ਨਹੀਂ ਹੈ, ਸਗੋਂ ਇਹ ਅਜੋਕੀ ਵਿਗਿਆਨਕ ਸੋਚ ਤੇ ਸ਼ਬਦਾਵਲੀ ਦਾ ਭਰਪੂਰ ਖਜਾਨਾ ਮੁਹੱਈਆ ਕਰਵਾਉਣ ਦੀ ਸ਼ਕਤੀ ਰਖਦੀ ਹੈ।

ਉਹਨਾਂ ਨੇ ਸਾਹਿਤ ਦੇ ਹਰੇਕ ਰੂਪ ਵਿਚ ਰਚਨਾ ਕਰਕੇ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ ਹਨ। ਕਵਿਤਾ ਲਿਖੀ, ਨਾਵਲ ਲਿਖੇ, ਨਿਬੰਧ ਲਿਖੇ, ਸੰਪਾਦਨਾ ਕੀਤੀ ਅਤੇ ਆਲੋਚਨਾ ਕੀਤੀ, ਪਰ ਉਹਨਾਂ ਦੀ ਪਛਾਣ ਉਘੇ ਰੂਪ ਵਿਚ ਇਕ ਆਲੋਚਕ ਵਜੋਂ ਹੀ ਸਥਾਪਿਤ ਹੋਈ ਹੈ। ਇਹ ਬੜੀ ਵਿਲੱਖਣ ਤੇ ਹੈਰਾਨੀ ਵਾਲੀ ਗੱਲ ਹੈ ਕਿ ਉਹਨਾਂ ਦੀ ਹੁਣ ਤੱਕ ਦੀ ਕੀਤੀ ਸਾਹਿਤ ਰਚਨਾ ਵਿਚੋਂ ਬਹੁਤੀ ਸਾਹਿਤ ਰਚਨਾ ਉਨ੍ਹਾਂ ਦੇ ਜੋਤੀ ਹੀਣ ਹੋ ਜਾਣ ਤੋਂ ਬਾਅਦ ਦੇ ਸਮੇਂ ਵਿਚ ਹੀ ਹੋਈ ਹੈ। ਇਸ ਸਮੁੱਚੀ ਰਚਨਾ ਵਿਚੋਂ ਵਿਲੱਖਣ ਰੂਪ ਉਨ੍ਹਾਂ ਦੁਆਰਾ ਪ੍ਰੋ. ਪੂਰਨ ਸਿੰਘ ਦੇ ਅੰਗਰੇਜੀ ਵਿਚ ਲਿਖੇ ਸਾਹਿਤ ਨੂੰ ਪੰਜਾਬੀ ਰੂਪ ਵਿਚ ਅਨੁਵਾਦ ਕਰਨਾ ਹੈ।

ਪ੍ਰੋ. ਪੂਰਨ ਸਿੰਘ ਨੂੰ ਕਸੇਲ ਨੇ ਵਰਤਮਾਨ ਕਾਲ ਦਾ ਸਭ ਤੋਂ ਵੱਡਾ ਪ੍ਰਭਾਵਸ਼ਾਲੀ ਵਿਦਵਾਨ ਮੰਨਿਆ ਹੈ। ਪ੍ਰੋ. ਕਸੇਲ ਨੂੰ ਇਸ ਗੱਲ ਦਾ ਵੀ ਗਿਲਾ ਹੈ ਕਿ ਪ੍ਰੋ. ਪੂਰਨ ਸਿੰਘ ਵਰਗੀ ਪ੍ਰਤਿਭਾ ਨੂੰ ਅਜੇ ਤਕ ਅਸਾਂ ਪੰਜਾਬੀਆਂ ਨੇ ਨਾ ਤਾਂ ਪਛਾਣਿਆ ਹੈ ਤੇ ਨਾ ਹੀ ਉਸਦਾ ਮੁੱਲ ਪਾਇਆ ਹੈ।

ਉਨ੍ਹਾਂ ਦੀ ਇਸ ਜੀਵਨ ਗਾਥਾ ਨੂੰ ਪੜ੍ਹ ਕੇ ਇਹ ਗੱਲ ਵੀ ਪ੍ਰਤੱਖ ਹੁੰਦੀ ਹੈ ਕਿ ਉਨ੍ਹਾਂ ਨੂੰ ਆਪਣੇ ਇਸ਼ਟ ਉਤੇ ਪੂਰਾ ਵਿਸ਼ਵਾਸ ਤੇ ਆਸਥਾ ਹੈ। ਉਹ ਆਪਣੇ ਗੁਰੂ, ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਾਖਸ਼ਾਤ ਰੱਬ ਦਾ ਰੂਪ ਸਮਝਦੇ ਹਨ। ਆਪਣੇ ਵੱਲੋਂ ਕੀਤਾ ਜਾਂਦਾ ਹਰੇਕ ਕਾਰਜ ਉਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਦਾ ਫਲ ਹੀ ਸਮਝਦੇ ਹਨ। ਉਹ ਇਹ ਵੀ ਮਹਿਸੂਸ ਕਰਦੇ ਹਨ ਕਿ ਜਦੋਂ ਵੀ ਉਨ੍ਹਾਂ ਉਤੇ ਕੋਈ ਔਕੜ ਆਈ ਹੈ, ਸਤਿਗੁਰੂ ਜੀ ਨੇ ਉਨ੍ਹਾਂ ਦੀ ਪ੍ਰਤੱਖ ਰੂਪ ਵਿਚ ਸਹਾਇਤਾ ਕੀਤੀ ਹੈ। ਬਾਬਾ ਫਰੀਦ ਦੇ ਇਹ ਬੋਲ ਉਨ੍ਹਾਂ ਦੀ ਗੁਰੂ-ਭਗਤੀ ਦੀ ਭਾਵਨਾ ਦੀ ਪ੍ਰੋੜਤਾ ਕਰਦੇ ਹਨ।

ਬੋਲੀਐ ਸਚੁ ਧਰਮੁ ਝੂਠ ਨ ਬੋਲੀਐ॥
ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ॥

ਪ੍ਰੋ. ਕਸੇਲ ਆਪਣੀ ਗੰਭੀਰ ਤੋਂ ਗੰਭੀਰ ਪ੍ਰਸਥਿਤੀ ਵਿਚ ਵੀ ਵਿਚਲਿਤ ਨਹੀਂ ਹੋਏ। ਉਹ ਸਾਬਿਤ ਕਦਮੀਂ ਆਪਣੇ ਰਾਹ ਉਤੇ ਗਾਮਜ਼ਨ ਰਹੇ ਹਨ।

ਸਹੀ ਅਰਥਾਂ ਵਿਚ ਉਹ ਚੜ੍ਹਦੀਕਲਾ ਦੀ ਜਿਉਂਦੀ ਜਾਗਦੀ ਤਸਵੀਰ ਸਨ। ਉਨ੍ਹਾਂ ਦਾ ਜੀਵਨ ਸਾਡੇ ਸਾਰਿਆਂ ਲਈ ਇਕ ਮਹਾਨ ਪ੍ਰੇਰਨਾ-ਸ੍ਰੋਤ ਹੈ।

ਸੁੱਚੀ ਕਿਰਤ ਦਾ ਕਰਤਾ (ਇੱਕ ਮੁਲਾਕਾਤ)

- ਸਤਿੰਦਰ ਸਿੰਘ ਨੰਦਾ

ਭਾਰਤ ਦਾ ਹਰ ਪੰਜਾਬੀ ਵਿਦਿਆਰਥੀ ਪ੍ਰੋ. ਕਿਰਪਾਲ ਸਿੰਘ ਕਸੇਲ ਦੇ ਨਾਂ ਤੋਂ ਭਲੀ ਪ੍ਰਕਾਰ ਜਾਣੂ ਹੈ ਕਿਉਂ ਜੋ ਉਸਨੇ ਪ੍ਰੋ. ਕਸੇਲ ਦੀ ਕੋਈ ਨਾ ਕੋਈ ਪੁਸਤਕ ਪੜ੍ਹ ਕੇ ਹੀ ਡਿਗਰੀ ਪ੍ਰਾਪਤ ਕੀਤੀ ਹੈ । ਇਸ ਲਈ ਪ੍ਰੋ. ਕਸੇਲ ਦੇ ਨਾਂ ਤੋਂ ਸਭ ਵਾਕਫ ਹਨ । ਆਪ ਨੇ 70 ਦੇ ਲੱਗਭੱਗ

ਪੁਸਤਕਾਂ ਦੀ ਰਚਨਾ ਕੀਤੀ, ਅਣਗਿਣਤ ਖੋਜ-ਪੱਤਰ ਲਿਖੇ ਹਨ, ਅਨੇਕਾਂ ਪੁਸਤਕਾਂ ਦੀਆਂ ਭੂਮਿਕਾਵਾਂ ਲਿਖੀਆਂ ਹਨ। ਜੇਕਰ ਕਸੇਲ ਜੀ ਦੀਆਂ ਸੰਸਥਾਵਾਂ ਵਿਚ ਭਾਗੀਦਾਰੀ ਦੀ ਗਿਣਤੀ ਕਰਨੀ ਹੋਵੇ ਤਾਂ ਦੋਵੇਂ ਹੱਥਾਂ ਦੀਆਂ ਉਂਗਲਾਂ ਤੋਂ ਵਧੇਰੇ ਬਣਦੀ ਹੈ ਅਤੇ ਜੇ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵੱਲੋਂ ਮਾਨ-ਸਨਮਾਨ ਦਾ ਅੰਦਾਜ਼ਾ ਲਗਾਉਣਾ ਹੋਵੇ ਤਾਂ ਦੋਵੇਂ ਹੱਥਾਂ ਦੀਆਂ ਉਂਗਲੀਆਂ ਦੇ ਪੋਟਿਆਂ ਤੋਂ ਵੀ ਅੱਗੇ ਗਿਣਨਾ ਪਵੇਗਾ। ਮੈਂ ਪ੍ਰੋਫ਼ੈਸਰ ਸਾਹਿਬ ਨੂੰ ਜੂਨ 1978 ਤੋਂ ਬੜੀ ਨੇੜਿਉਂ ਵੇਖਦਾ ਆ ਰਿਹਾ ਹਾਂ ਅਤੇ ਮੈਨੂੰ ਉਨ੍ਹਾਂ ਨਾਲ ਮੁਲਾਕਾਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਸੋ ਮੈਂ ਪਾਠਕਾਂ ਨਾਲ ਸਾਂਝਾ ਕਰਨ ਦਾ ਸੁਅਵਸਰ ਹੱਥੋਂ ਨਹੀਂ ਗੁਆਉਣਾ ਚਾਹੁੰਦਾ।

ਪ੍ਰੋਫ਼ੈਸਰ ਸਾਹਿਬ, ਤੁਸੀਂ ਆਪਣੇ ਦੈਨਿਕ ਜੀਵਨ ਨੂੰ ਕਿਸ ਤਰ੍ਹਾਂ ਯੋਜਨਾਬੱਧ ਤਰੀਕੇ ਨਾਲ ਬਿਤਾਉਂਦੇ ਹੋ ਅਤੇ ਤੁਹਾਡੇ ਰੋਜ਼ਾਨਾ ਦੇ ਰੁਝੇਵੇਂ ਦਾ ਕ੍ਰਮ ਕੀ ਹੈ ?

-ਗੁਰੂ ਦੀ ਕਿਰਪਾ ਨਾਲ ਮੈਂ ਅੱਜਕਲ੍ਹ ਤਿੰਨ ਵਜੇ ਸਵੇਰੇ ਉੱਠਦਾ ਹਾਂ। ਸੋਚ-ਸਾਧਨਾ ਤੇ ਕੁਝ ਵਰਜਿਸ਼ ਕਰਨ ਉਪਰੰਤ ਇਸ਼ਨਾਨ ਕਰਕੇ ਲੱਗਭੱਗ 2 ਘੰਟੇ ਸਿਮਰਨ ਭਜਨ ਵਿਚ ਲੀਨ ਰਹਿੰਦਾ ਹਾਂ ਅਤੇ ਜਦੋਂ ਤੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ (ਜੂਨ, 1984) ਤੋਂ ਕੀਰਤਨ ਸ਼ੁਰੂ ਹੋਇਆ ਹੈ, ਉਦੋਂ ਤੋਂ ਮੈਂ ਇਹ ਨਿਰੰਤਰ ਸੁਣਦਾ ਆ ਰਿਹਾ ਹਾਂ। ਫਿਰ ਨਾਸ਼ਤਾ ਕਰਕੇ ਲੱਗਭੱਗ ਪੌਣਾ ਘੰਟਾ (ਵਿਹੜੇ ਵਿਚ ਤਾਰ ਨਾਲ) ਸੈਰ ਕਰਦਾ ਹਾਂ ਤੇ ਨਾਲੋ ਨਾਲ ਗੁਰਬਾਣੀ ਦਾ ਪਾਠ ਕਰ ਲੈਂਦਾ ਹਾਂ ਤੇ ਵਿਸ਼ੇਸ਼ ਕਰਕੇ ਜਪੁਜੀ ਸਾਹਿਬ ਤੇ ਚੌਪਈ ਸਾਹਿਬ। ਜੋ ਇਸ ਸਮੇਂ ਜਿੰਨੇ ਵੀ ਹੋ ਸਕਣ ਤੇ ਫਿਰ ਸਮੇਂ ਤੇ ਸੁਵਿਧਾ ਅਨੁਸਾਰ ਲਿਖਣ ਪੜ੍ਹਨ ਦਾ ਕੰਮ ਕਰਦਾ ਹਾਂ। ਦੁਪਹਿਰ ਦੇ ਖਾਣੇ ਪਿੱਛੋਂ ਕੁਝ ਚਿਰ ਆਰਾਮ ਜ਼ਰੂਰ ਕਰਦਾ ਹਾਂ, ਪਰ ਜੇ ਕੋਈ ਲਿਖਣ ਪੜ੍ਹਨ ਦਾ ਸਹਾਇਕ ਆ ਜਾਵੇ ਤਾਂ ਇਸ ਆਰਾਮ ਦੀ ਵੀ ਪਰਵਾਹ ਨਹੀਂ ਕਰੀਦੀ ਬਾਕੀ ਸ਼ਾਮ ਨੂੰ ਵੀ ਥੋੜ੍ਹਾ ਸਾਹਿਤਕ ਕਾਰਜ ਕਰਦਾ ਹਾਂ ਤੇ ਥੋੜ੍ਹੀ ਸੈਰ ਵੀ। ਦੂਜਾ ਮੇਰਾ ਵੱਡਾ ਸ਼ੌਕ ਸੰਸਾਰ ਦੇ ਸਮਾਚਾਰਾਂ ਨਾਲ ਜੁੜੇ ਰਹਿਣਾ ਹੁੰਦਾ ਹੈ। ਸਵੇਰੇ ਦੇ ਬੀ. ਬੀ. ਸੀ. ਦਾ ਬੁਲਿਟਨ ਅਤੇ ਸ਼ਾਮ ਦੇ ਸਮਾਚਾਰ ਮੈਂ ਰੇਡੀਓ ਤੋਂ ਜ਼ਰੂਰ ਸੁਣਦਾ ਹਾਂ। ਇਸ ਨੇਤਰਹੀਣਤਾ ਦੇ ਜੀਵਨ ਵਿਚ ਟਰਾਂਸਿਸਟਰ ਮੇਰਾ ਪੱਕਾ ਸਾਥੀ ਹੀ ਹੈ। ਪਰ ਮੇਰੀ ਰੁਚੀ ਵਿਸ਼ੇਸ਼ ਤਰ੍ਹਾਂ ਦੇ ਪ੍ਰੋਗਰਾਮਾਂ ਨੂੰ ਸੁਣਨ ਦੀ ਹੀ ਹੁੰਦੀ ਹੈ। ਰਾਤ ਨੂੰ ਮੈਂ ਸਾਢੇ ਦਸ ਜਾਂ ਗਿਆਰਾਂ ਵਜੇ ਦੇ ਵਿਚਕਾਰ ਸੌਂਦਾ ਹਾਂ।

ਨੇਤਰਹੀਣ ਅਵਸਥਾ ਵਿਚ, ਕਿਤਨਾ ਕੁ ਸਾਹਿਤਕ ਕਾਰਜ ਕਰ ਲੈਂਦੇ ਹੋ ਅਤੇ ਜੋਤੀ ਹੋਣ ਵੇਲੇ ਤੇ ਬਾਅਦ ਦੇ ਸਮੇਂ ਵਿਚ ਕੀਤੇ ਸਾਹਿਤਕ ਕਾਰਜਾਂ ਬਾਰੇ ਸੰਖੇਪ ਜਾਣਕਾਰੀ ਦੇ ਕੇ ਧੰਨਵਾਦੀ ਬਣਾਓ?

-1964 ਵਿਚ ਮੈਂ ਵਿਟਰੀਅਸ ਹੈਮਰੇਜ਼ ਦੇ ਨੇਤਰ ਰੋਗ ਕਾਰਨ ਨੇਤਰਹੀਣ ਹੋਇਆ। ਇਸ ਤੋਂ ਪਹਿਲਾਂ ਮੈਂ ਸਮਾਲੋਚਨਾ ਤੇ ਸਾਹਿਤਕ ਇਤਿਹਾਸ ਦੀ ਖੋਜ ਆਦਿ ਬਾਰੇ 12 ਦੇ ਲੱਗਭੱਗ ਪੁਸਤਕਾਂ ਲਿਖੀਆਂ ਸਨ। ਇਸ ਸਮੇਂ ਅੰਗਰੇਜ਼ੀ ਬਿਊਨ ਵਿਚ ਇਕ ਪੱਤਰ ਛਪਿਆ ਸੀ "Critic Turn into a Creative Writer" ਪਹਿਲਾਂ ਮੇਰੀ ਰਚਨਾਤਮਕ ਪ੍ਰਤਿਭਾ ਆਲੋਚਨਾ ਦੀ ਵਿਸ਼ੇਸ਼ ਸਿਰਜਨਾਤਮਕ ਸ਼ੈਲੀ ਰਾਹੀਂ ਪ੍ਰਗਟ ਹੁੰਦੀ ਰਹੀ, ਪਰ ਉਸ ਸਮੇਂ ਤੋਂ ਪਿੱਛੋਂ ਮੈਂ ਮੌਲਿਕ ਸਾਹਿਤ ਵੱਲ ਮੋੜ ਕੱਟਿਆ ਤੇ ਸਿਰਜਨਾਤਮਕ ਵਿਧਾਵਾਂ ਦੁਆਰਾ ਆਪਣੇ ਆਪ ਨੂੰ ਅਭਿਵਿਅਕਤ ਕਰਨ ਦਾ ਯਤਨ ਕੀਤਾ ਸਿਰਜਨਾ ਤੇ ਸਮਾਲੋਚਨਾ ਪਿਛਲੇ ਤਿੰਨ ਦਹਾਕਿਆਂ ਤੋਂ ਲਗਾਤਾਰ ਚਲਦੇ ਰਹੇ ਹਨ। ਹੁਣ ਮੇਰੀ ਛਪ ਚੁੱਕੀਆਂ ਪੁਸਤਕਾਂ 70 ਦੇ ਅੰਕੜੇ ਨੂੰ ਟੱਪ ਚੁੱਕੀਆਂ ਹਨ ਅਤੇ ਮੇਰੀ ਰਚਨਾ ਕਈ ਹਜ਼ਾਰ ਪੰਨਿਆਂ ਤੱਕ ਫੈਲੀ ਹੋਈ ਹੈ, ਜਿਸ ਦਾ ਮਿਆਰ ਵੀ ਮੇਰੀ ਦ੍ਰਿਸ਼ਟੀ ਅਨੁਸਾਰ ਕਾਫੀ ਸੰਤੋਸ਼ਜਨਕ ਹੈ।

ਜੋਤੀ ਸਮੇਂ ਅਤੇ ਬਾਅਦ ਵਿਚ ਤੁਸੀਂ ਜੀਵਨ ਬਾਰੇ ਕੀ ਕੁਝ ਸੋਚਿਆ ਕਰਦੇ ਸੀ ?

ਕੋਈ ਬਹੁਤਾ ਅੰਤਰ ਨਹੀਂ ਆਇਆ। ਮੇਰੇ ਵਿਅਕਤੀਗਤ, ਸਮਾਜਿਕ ਤੇ ਸਾਹਿਤਕ ਆਦਰਸ਼ ਲੱਗਭੱਗ ਉਹੋ ਹੀ ਹਨ। ਉਨ੍ਹਾਂ ਵਿਚ ਵਿਕਾਸ ਜ਼ਰੂਰ ਹੋਇਆ ਹੈ। ਨੇਤਰਹੀਣ ਅਵਸਥਾ ਵਿਚ ਮੈਂ ਤਾਂ ਕੇਵਲ ਨਵੀਆਂ ਉਤਪੰਨ ਹੋਈਆਂ ਪ੍ਰਤੀਕੂਲ ਪ੍ਰਸਥਿਤੀਆਂ ਵਿਚ ਆਪਣੇ ਆਪ ਨੂੰ ਢਾਲਣ ਦਾ ਹੀ ਯਤਨ ਕੀਤਾ ਹੈ।

ਜੀਵਨ ਨੂੰ ਪੁਨਰ-ਸਥਾਪਤ ਕਰਨ ਲਈ ਤੁਹਾਨੂੰ ਕੀ-ਕੀ ਕਰਨਾ ਪਿਆ ਹੈ ਅਤੇ ਕੌਣ ਕੌਣ ਸਹਾਈ ਹੋਇਆ ਹੈ?

- ਆਤਮ ਵਿਸ਼ਵਾਸ, ਸਤਿਗੁਰੂ ਦੀ ਮਿਹਰ ਤੇ ਵਿਸ਼ੇਸ਼ ਹਸਤੀਆਂ ਨੇ ਮੇਰੀ ਨੇਤਰਹੀਣ ਅਵਸਥਾ ਵਿਚ ਪੁਨਰ ਸਥਾਪਨਾ ਕਰਨ ਵਿਚ ਵਿਸ਼ੇਸ਼ ਹਿੱਸਾ ਪਾਇਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਹਰ, ਮੇਰੇ ਨੇਤਰਹੀਣ ਮਿੱਤਰ ਡਾ. ਈ. ਐਮ. ਜੌਨਸਨ ਦੇ ਵਿਅਕਤੀਗਤ ਯਤਨ ਤੇ ਸੀ. ਐਮ. ਸੀ. ਹਸਪਤਾਲ ਦੇ

ਡਾਕਟਰਾਂ, ਡਾ. ਵੀ. ਸੀ. ਰੈਂਬੋ, ਡਾ. ਸਕੋਟ, ਡਾ. ਗਾਸਟ ਤੋਂ ਮੈਨੂੰ ਬੜੀ ਪ੍ਰੇਰਨਾ ਤੇ ਉਤਸ਼ਾਹ ਮਿਲਿਆ ਕੁਝ ਸਮਾਂ ਮੈਂ ਸੀ. ਐਮ. ਸੀ. ਹਸਪਤਾਲ ਦੇ ਪੁਨਰਵਾਸ ਵਿਭਾਗ ਵਿਚ ਕੰਮ ਕੀਤਾ ਸਵਰਗੀ ਗਿਆਨੀ ਲਾਲ ਸਿੰਘ ਜੀ, ਸ. ਕਿਰਪਾਲ ਸਿੰਘ ਨਾਰੰਗ ਤੇ ਹੋਰ ਸਾਰੇ ਨਿਜੀ ਮਿੱਤਰਾਂ ਤੇ ਸਹਾਇਕਾਂ ਨੇ ਮੇਰਾ ਉਤਸ਼ਾਹ ਵਧਾਇਆ। ਨਿਜੀ ਘੇਰੇ ਵਿਚ ਮੈਂ ਸਵਰਗੀ ਸ੍ਰੀ ਲਾਲ ਚੰਦ ਯਮਲਾ ਜੱਟ ਅਤੇ ਆਪਣੀ ਸਥਾਈ ਜੀਵਨ ਸਾਥਣ ਸ੍ਰੀਮਤੀ ਮਹਿੰਦਰਜੀਤ ਕੌਰ ਦਾ ਬੜਾ ਦੇਣਦਾਰ ਹਾਂ ?

ਕੁਝ ਨਿਕਟਵਰਤੀ ਤੁਹਾਨੂੰ ਕਾਂਗਰਸੀ ਕਹਿੰਦੇ ਹਨ ਅਤੇ ਹੁਣ ਤੁਸੀਂ ਨਾਮ ਵੀ ਧਾਰਨ ਕੀਤਾ ਹੋਇਆ ਹੈ। ਇਕ ਕਮਿਊਨਿਸਟ ਤੇ ਨਾਮਧਾਰੀ ਬਣਦਿਆਂ ਤੁਸੀਂ ਕੀ ਮਹਿਸੂਸ ਕਰਦੇ ਹੋ?

- ਮੈਂ ਕਾਰਲ ਮਾਰਕਸ ਤੇ ਦੇਸ਼ ਭਗਤ ਬਾਬੇ ਲਾਲਾ ਹਰਦਿਆਲ ਆਦਿ ਦੇਸ਼ ਭਗਤਾਂ ਨੂੰ ਧਾਰਮਿਕ ਪੁਰਸ਼ ਹੀ ਸਮਝਦਾ ਹਾਂ ਕਿਉਂ ਜੋ ਇਨ੍ਹਾਂ ਵਿਚ ਦੇਸ਼-ਭਗਤੀ ਦੀ ਰੁਚੀ ਨਿਰ-ਸੁਆਰਥ ਅਤੇ ਧਰਮ-ਪਰਾਇਣ ਵਾਲੇ ਵਿਅਕਤੀਆਂ ਵਾਲੀ ਹੀ ਸੀ। ਪ੍ਰਸਿੱਧ ਦੇਸ਼ ਭਗਤ ਬਾਬਾ ਸੋਹਨ ਸਿੰਘ ਭਕਨਾ ਪਹਿਲਾਂ ਨਾਮਧਾਰੀ ਸਨ। ਇਸ ਲਈ ਮੈਨੂੰ ਦੇਸ਼ ਭਗਤੀ ਤੇ ਧਰਮ-ਪਰਾਇਣ ਵਿਅਕਤੀ ਵਿਚ ਬਹੁਤਾ ਅੰਤਰ ਨਹੀਂ ਦਿੱਸਦਾ ਮਾਰਕਸਵਾਦ ਚਿੰਤਨ ਹੈ ਅਤੇ ਧਰਮ ਨਾਮ ਦੁਆਰਾ ਤੁਹਾਨੂੰ ਆਦਰਸ਼ ਪ੍ਰਭੂ ਨਾਲ ਜੋੜ ਕੇ ਮਾਨਵ ਸੇਵਾ ਲਈ ਪ੍ਰੇਰਦਾ ਹੈ। ਮਾਨਵ ਹਿਤੈਸ਼ੀ ਗੁਣ ਇਨ੍ਹਾਂ ਦੋਹਾਂ ਵਿਚ ਹਨ। ਇਸ ਲਈ ਇਹ ਕੋਈ ਵਿਪਰੀਤ ਪਰਿਵਰਤਨ ਨਹੀਂ ਹੈ। ਸਗੋਂ ਪਹਿਲੀਆਂ ਪ੍ਰਵਿਰਤੀਆਂ ਦਾ ਹੀ ਵਿਕਾਸ ਹੈ। ਕਾਂਗਰਸ ਦੀਆਂ ਪ੍ਰਗਤੀਸ਼ੀਲ ਨੀਤੀਆਂ ਨਾਲ ਹੀ ਮੇਰੀ ਹਮਦਰਦੀ ਰਹੀ ਹੈ। ਮੈਂ ਪੰਡਤ ਜਵਾਹਰ ਲਾਲ ਨਹਿਰੂ ਤੇ ਹੋਰ ਪ੍ਰਸਿੱਧ ਉਨ੍ਹਾਂ ਕਾਂਗਰਸੀ ਨੇਤਾਵਾਂ ਤੋਂ ਵੀ ਉਨਾ ਹੀ ਪ੍ਰਭਾਵਿਤ ਹਾਂ ਜਿਨ੍ਹਾਂ ਨੇ ਸੁਹਿਰਦ ਅਰਥਾਂ ਵਿਚ ਸਾਡੇ ਰਾਸ਼ਟਰ ਦਾ ਨਿਰਮਾਣ ਕੀਤਾ ਹੈ।

ਤੁਹਾਡੀ ਪੁਸਤਕ "ਜੈਸਾ ਸਤਿਗੁਰ ਸੁਣੀਦਾ" ਵਿਚ ਤੁਸੀਂ ਬਾਬਾ ਜਗਜੀਤ ਸਿੰਘ ਤੱਕ ਆਪਣੇ ਵਿਚਾਰਾਂ ਨੂੰ ਕਾਵਿਬੱਧ ਕੀਤਾ ਹੈ। ਉਨ੍ਹਾਂ ਦੀ ਤੁਹਾਡੇ ਉਤੇ ਵਿਸ਼ੇਸ਼ ਕਿਰਪਾ ਦ੍ਰਿਸ਼ਟੀ ਵੀ ਹੈ । ਇਸ ਕਾਵਿ ਪੁਸਤਕ ਨਾਲ ਕਿਤਨਾ ਕੁ ਆਤਮਕ ਅਨੰਦ ਮਿਲਿਆ ਹੈ ?

- ਇਹ ਪੁਸਤਕ ਉਨ੍ਹਾਂ ਦੀ ਮਿਹਰ ਅਤੇ ਪ੍ਰੇਮ ਸਦਕਾ ਹੀ ਰਚੀ ਗਈ ਹੈ। ਇਸੇ ਲਈ ਇਸ ਨੂੰ ਪੜ੍ਹਨ ਨਾਲ ਮੈਨੂੰ ਅਨੰਦ ਪ੍ਰਾਪਤ ਹੁੰਦਾ ਹੈ । ਸਤਿਗੁਰੂ ਜਗਜੀਤ ਸਿੰਘ ਜੀ ਮੇਰੇ ਇਸ਼ਟਦੇਵ ਹਨ ਅਤੇ ਉਨ੍ਹਾਂ ਦੇ ਵਰ ਸਦਕਾ ਹੀ ਮੈਂ ਸਾਹਿਤਕ ਖੇਤਰ ਵਿਚ ਇਸ ਪ੍ਰਸਿੱਧੀ ਨੂੰ ਪ੍ਰਾਪਤ ਕਰ ਸਕਿਆ ਹਾਂ। ਮੇਰੀ ਹਰ ਰਚਨਾ ਉਨ੍ਹਾਂ ਦੇ ਚਰਨਾਂ ਉਤੇ ਅਰਦਾਸ ਕਰਨ ਪਿੱਛੋ ਹੀ ਲਿਖੀ ਜਾਂਦੀ ਰਹੀ ਹੈ?

ਤੁਸੀਂ 'ਸਾਹਿਤ ਦੀ ਉਤਪਤੀ ਦੇ ਵਿਕਾਸ' ਉੱਤੇ ਕਾਰਜ ਕੀਤਾ ਹੈ । ਕੀ ਉਹ ਮੁਕੰਮਲ ਹੈ? ਜੇ ਨਹੀਂ ਤਾਂ ਹੁਣ ਕੀ ਉਪਰਾਲੇ ਕਰ ਰਹੇ ਹੋ ?

ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਪੰਜਾਬੀ ਸਹਿਤ ਦੇ ਇਤਿਹਾਸ ਸੰਬੰਧੀ ਪੁਸਤਕ ਹੈ ਅਤੇ ਜਿਸ ਸਮੇਂ ਇਹ ਲਿਖੀ ਗਈ ਸੀ, ਉਸ ਸਮੇਂ ਅਸੀਂ (ਮੈਂ ਤੇ ਡਾ. ਪਰਮਿੰਦਰ ਸਿੰਘ) ਨਵੇਂ-ਨਵੇਂ ਹੀ ਇਸ ਖੇਤਰ ਵਿਚ ਆਏ ਸਾਂ। ਅਸੀਂ ਇਹ ਯਤਨ ਕੀਤਾ ਕਿ ਉਦੋਂ ਤੱਕ ਦੀ ਉਪਲਬਧ ਸਮੱਗਰੀ ਨੂੰ ਵਿਗਿਆਨਕ ਦ੍ਰਿਸ਼ਟੀ ਤੇ ਪੇਸ਼ ਕੀਤਾ ਜਾਵੇਂ। ਉਸ ਸਮੇਂ ਮੇਰਾ ਦਿਸ਼ਟੀਕੋਣ ਇਤਿਹਾਸਕ ਪਦਾਰਥਵਾਦ ਉੱਤੇ ਆਧਾਰਤ ਸੀ ਜੋ ਸਮਾਜ-ਸ਼ਾਸਤਰੀ ਇਤਿਹਾਸ ਦੇ ਪੱਖ ਤੋਂ ਵੀ ਬੜਾ ਪਰਪੱਕ ਸੀ ਕਿਉਂ ਜੋ ਸਾਹਿਤਕ ਪਰੰਪਰਾ ਨਿਰੰਤਰ ਵਿਕਾਸ ਕਰਦੀ ਹੈ ਅਤੇ ਸਦਾ ਜੀਵਤ ਰਹਿੰਦੀ ਹੈ।

ਪੰਜਾਬੀ ਸਾਹਿਤ ਦੇ ਇਤਿਹਾਸ ਸੰਬੰਧੀ ਵਧੇਰੇ ਖੋਜ ਦੀ ਲੋੜ ਹੈ ਅਤੇ ਇਸ ਸੰਬੰਧ ਵਿਚ ਹਾਲੀ ਬਹੁਤ ਕੁਝ ਕਰਨ ਯੋਗ ਹੈ। ਮੈਂ ਕਿਸੇ ਸਮੇਂ ਭਾਸ਼ਾ ਵਿਭਾਗ ਤੇ ਪੰਜਾਬੀ ਯੂਨੀਵਰਸਿਟੀ ਦੇ ਅਧਿਕਾਰੀਆਂ ਨੂੰ ਬੇਨਤੀ ਕੀਤੀ ਸੀ ਕਿ ਮੈਨੂੰ ਇਕ ਸਹਿਯੋਗੀਆਂ ਦੀ ਟੀਮ ਦੇ ਕੇ ਇਹ ਕਾਰਜ ਕਰਵਾ ਲਿਆ ਜਾਵੇ, ਪਰ ਦੋਹਾਂ ਸੰਸਥਾਵਾਂ ਵਿਚ ਵਿਸ਼ੇਸ਼ ਹਿਤ ਪ੍ਰਧਾਨ ਸਨ ਅਤੇ ਮੇਰੀ ਇਸ ਪੇਸ਼ਕਸ਼ ਦੇ ਗਲਤ ਅਰਥ ਕੱਢੇ ਗਏ। ਹਾਲੀ ਵੀ ਮੈਂ ਇਹ ਅਨੁਭਵ ਕਰਦਾ ਹਾਂ ਕਿ ਜੇ ਵੱਡੇ ਪੈਮਾਨੇ ਉੱਤੇ ਨਹੀਂ ਤਾਂ ਛੋਟੇ ਅਕਾਰ ਦਾ ਪੰਜਾਬੀ ਸਾਹਿਤ ਦਾ ਇਤਿਹਾਸ ਆਪਣੇ ਹੀ ਮੌਲਿਕ ਦ੍ਰਿਸ਼ਟੀਕੋਣ ਤੋਂ ਲਿਖ ਦੇਵਾਂ।

ਪੰਜਾਬੀ ਦਾ ਮਿਲਟਨ- ਪ੍ਰੋ. ਕਿਰਪਾਲ ਸਿੰਘ ਕਸੇਲ

ਪ੍ਰੋ. ਕਿਰਪਾਲ ਸਿੰਘ ਕਸੇਲ ਪੰਜਾਬੀ ਸਾਹਿਤਕ ਜਗਤ ਦਾ ਇਕ ਅਜਿਹਾ ਰੌਸ਼ਨ ਸਿਤਾਰਾ ਹੈ, ਜਿਸ ਨੂੰ ਹਰ ਪੰਜਾਬੀ ਪਾਠਕ ਜਾਣਦਾ ਹੈ। ਪ੍ਰੋ. ਕਸੇਲ ਬਚਪਨ ਤੋ ਹੀ ਉੱਚ ਦ੍ਰਿਸ਼ਟੀ ਵਾਲੇ ਵਿਲੱਖਣ ਬਾਲ ਸੀ, ਜਿਸ ਨੂੰ ਘੋਖਦਿਆਂ ਬਾਬਾ ਹਰਨਾਮ ਸਿੰਘ ਕਸੇਲ ਨੇ ਆਪਣੇ ਗ਼ਦਰੀ ਦੌਰ ਦੀ ਪੁੱਠ ਚਾੜ੍ਹੀ ਅਤੇ ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਣ ਦੀ ਗੁੜ੍ਹਤੀ ਦਿੱਤੀ। ਚੜ੍ਹਦੀ ਜਵਾਨੀ ਵੇਲੇ ਕਮਿਊਨਿਜ਼ਮ ਵਿਚਾਰਾਂ ਦਾ ਪ੍ਰਭਾਵ ਕਬੂਲਿਆ ਅਤੇ ਚੀਨੀ ਵਾਲੇ ਬਾਬੇ ਦੇ

ਸੁਪਨਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਆਪ ਦੇ ਪਿਤਾ ਜੀ ਆਪ ਦੇ ਜਨਮ ਸਮੇਂ ਹੀ ਪ੍ਰਲੋਕ ਸਿਧਾਰ ਗਏ ਅਤੇ ਸਰਦਾਰਨੀ ਮਹਿੰਦਰ ਕੌਰ (ਮਾਤਾ) ਨੇ ਆਪਣੀ ਮਮਤਾ ਦੀ ਛਾਪ ਆਪ ਉੱਤੇ ਪਾਉਣੀ ਸ਼ੁਰੂ ਕੀਤੀ, ਪ੍ਰੰਤੂ ਬਾਬਾ ਹਰਨਾਮ ਸਿੰਘ ਕਸੇਲ ਦਾ ਛੱਪਾ ਵਧੇਰੇ ਭਾਰੀ ਹੋਣ ਕਰਕੇ ਖਰੂਦੀ ਸੁਭਾਅ ਵੀ ਰਿਹਾ ਸਮਾਜਿਕ ਦੁੱਖ ਨੂੰ ਵੰਡਾਉਣ ਦੇ ਚੱਕਰ ਵਿਚ ਜੇਲ੍ਹਾਂ ਵੀ ਕੱਟਣੀਆਂ ਪਈਆਂ। ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਖੇ ਹਦੂਦਬੰਦੀ ਵੀ ਕੱਟੀ ਅਤੇ ਕੁਝ ਪੜ੍ਹਾਈ ਗੋਰੀ ਸਰਕਾਰ ਦੇ ਸਿਪਾਹੀਆਂ ਦੀ ਦੇਖ-ਰੇਖ ਵਿਚ ਕਰਨੀ ਪਈ ਤੇ ਇਮਤਿਹਾਨ ਵੀ ਇਨ੍ਹਾਂ ਦੀ ਹਾਜ਼ਰੀ ਵਿਚ ਹੀ ਪਾਸ ਕਰਨੇ ਪਏ।

ਪ੍ਰੋਫ਼ੈਸਰ ਸਾਹਿਬ, ਤੁਸੀਂ ਪੰਜਾਬੀ ਦੇ ਮਿਲਟਨ ਨਾਂ ਨਾਲ ਵੀ ਸਨਮਾਨਿਤ ਹੋਏ ਹੋ। ਮਿਲਟਨ ਅਤੇ ਤੁਹਾਡੇ ਵਿਚ ਜੋਤੀ ਤੋਂ ਇਲਾਵਾ ਹੋਰ ਕੀ ਅੰਤਰ ਜਾਂ ਸਾਂਝ ਹੈ।

ਮਿਲਟਨ ਮਹਾਨ ਕਵੀ ਸਨ, ਮਹਾਨ ਪ੍ਰਤਿਭਾ ਦੇ ਸਵਾਮੀ। ਭਾਸ਼ਾ ਵਿਭਾਗ ਨੇ ਜਦੋਂ ਮੇਰਾ 1968 ਵਿਚ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨ ਕੀਤਾ ਤਾਂ ਸਨਮਾਨ-ਪੱਤਰ ਵਿਚ 'ਪੰਜਾਬੀ ਦਾ ਮਿਲਟਨ' ਦੀ ਉਪਾਧੀ ਅੰਕਿਤ ਕਰ ਦਿੱਤੀ ਗਈ। ਇਸ ਮਹਾਨ ਕਵੀ ਦੀ ਤੁਲਨਾ ਵਿਚ ਮੈਨੂੰ ਆਪਣਾ ਆਪ ਬੜਾ ਨਿਗੁਣਾ ਜਿਹਾ ਪ੍ਰਤੀਤ ਹੁੰਦਾ ਹੈ। ਪਰ ਸਾਂਝ ਇਹ ਹੈ ਕਿ ਰੋਗ ਨਾਲ ਅਤੇ ਜਿਸ ਆਯੂ ਵਿਚ ਮਿਲਟਨ ਨੇਤਰਹੀਣ ਹੋਇਆ ਸੀ, ਉਸੇ ਰੋਗ ਨੇ ਉਸੇ ਆਯੂ ਵਿਚ ਮੈਨੂੰ ਆਣ ਗ੍ਰਸਿਆ ।ਉਸ ਨੇ ਨੇਤਰਹੀਣਤਾ ਨੂੰ ਸਬਰ ਨਾਲ ਝੱਲਣ ਦਾ ਉਲੇਖ ਕੀਤਾ ਸੀ, ਮੈਂ ਵੀ ਨੇਤਰਹੀਣਤਾ ਨੂੰ ਸਬਰ ਤੇ ਸੰਤੋਖ ਨਾਲ ਪ੍ਰਭੂ ਸੇਵਾ ਪ੍ਰਤੀ ਆਪਣੇ ਆਪ ਨੂੰ ਸਮਰਪਿਤ ਕਰਕੇ ਪਰਵਾਨ ਕਰ ਲਿਆ ਹੈ। ਇਸ ਦ੍ਰਿਸ਼ਟੀਕੋਣ ਨੇ ਅਤੇ ਗੁਰੂ ਦੀ ਕਿਰਪਾ ਨੇ ਮੈਨੂੰ ਸਦਾ ਆਤਮਿਕ ਉਥਾਨ ਅਤੇ ਚੜ੍ਹਦੀਕਲਾ ਵਿਚ ਰੱਖਿਆ ਹੈ।

ਤੁਸੀਂ ਪਿੰ. ਸੰਤ ਸਿੰਘ ਸੇਖੋਂ ਦੇ ਪਹਿਲੇ ਸ਼ਿਸ਼ ਅਖਵਾਉਣ ਵਿਚ ਮਾਣ ਮਹਿਸੂਸ ਕਰਦੇ ਹੋ। ਇਸ ਪਿੱਛੇ ਅਸਲੀ ਰਾਜ਼ ਦੀ ਗੱਲ ਜ਼ਰੂਰ ਹੋਵੇਗੀ, ਕੁਝ ਦੱਸੋਗੇ?

-ਸੇਖੋਂ ਸਾਹਿਬ ਮੇਰੇ ਆਦਰਸ਼ ਅਧਿਆਪਕ ਹਨ। ਮੈਂ ਉਨ੍ਹਾਂ ਕੋਲੋਂ ਬਹੁਤ ਕੁਝ ਗ੍ਰਹਿਣ ਕੀਤਾ ਹੈ, ਵਿਸ਼ੇਸ਼ ਕਰਕੇ ਆਪਣੇ ਐਮ. ਏ. ਦੇ ਅੱਧਿਐਨ ਸਮੇਂ ਉਹ ਸਾਨੂੰ ਤਿੰਨ ਪਰਚੇ ਪੜ੍ਹਾਉਂਦੇ ਸਨ। ਉਨ੍ਹਾਂ ਦੇ ਅਗਰਗਾਮੀ ਵਿਚਾਰਾਂ ਦਾ ਪ੍ਰਭਾਵ ਮੇਰੇ ਉਤੇ ਸੋਨੇ ਤੇ ਸੁਹਾਗੇ ਸਮਾਨ ਹੋਇਆ। ਮੇਰੀ ਵਾਰਤਕ ਸ਼ੈਲੀ ਉਤੇ ਵੀ ਉਨ੍ਹਾਂ ਦਾ ਪ੍ਰਭਾਵ ਹੈ। ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਉਨ੍ਹਾਂ ਦੇ ਮੁਖਾਰਬਿੰਦ ਤੋਂ ਜਿਨਾ ਮੈਂ ਸੁਣਿਆ ਹੈ, ਉਨਾ ਸ਼ਾਇਦ ਕਿਸੇ ਹੋਰ ਨੂੰ ਸੁਭਾਗ ਪ੍ਰਾਪਤ ਨਾ ਹੋਇਆ ਹੋਵੇ। ਮੇਰੇ ਹੋਰ ਵੀ ਬੜੇ ਪ੍ਰਸਿੱਧ ਵਿਦਵਾਨ ਅਧਿਆਪਕ ਸਨ, ਪਰ ਮੈਨੂੰ ਸ. ਸੰਤ ਸਿੰਘ ਸੇਖੋਂ ਦਾ ਸ਼ਿਸ਼ ਅਖਵਾ ਕੇ ਹੀ ਖ਼ੁਸ਼ੀ ਹੁੰਦੀ ਹੈ ਸ੍ਰੀ ਭੈਣੀ ਸਾਹਿਬ ਵਿਖੇ ਮਿਤੀ 27.5.97 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸੇਖੋਂ ਜੀ ਨੇ ਮੈਨੂੰ ਆਪਣਾ ਸ਼ਾਗਿਰਦੇ ਆਜ਼ਮ' ਕਹਿ ਕੇ ਸੰਬੋਧਿਤ ਕੀਤਾ। ਆਪਣੇ ਐਮ. ਏ. ਪੰਜਾਬੀ ਦੇ ਦਿਖਿਆਂਤ ਭਾਸ਼ਣ ਸਮੇਂ ਸੇਖੋਂ ਜੀ ਨੇ ਜਿਹੜੇ ਸ਼ਬਦ ਕਹੇ ਸਨ, ਉਹ ਮੇਰੇ ਲਈ ਅੱਜ ਵੀ ਪ੍ਰੇਰਨਾ ਸਰੋਤ ਹਨ। ਉਨ੍ਹਾਂ ਕਿਹਾ ਸੀ, ਪੰਜਾਬੀ ਭਾਸ਼ਾ ਦੀ ਉੱਨਤੀ ਲਈ ਅਸਾਂ ਉਹ ਕੁਝ ਕਰਨਾ ਹੈ ਜੋ ਪਿਛਲੀਆਂ ਸਦੀਆਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਨਹੀਂ ਹੋ ਸਕਿਆ ਅਸੀਂ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਆਧੁਨਿਕ ਸਰੂਪ ਨੂੰ ਸਥਿਰ ਕਰਵਾ ਕੇ ਨਿਖ਼ਾਰਨਾ ਹੈ। ਇਸੇ ਉਦੇਸ਼ ਪ੍ਰਤੀ ਮੈਂ ਆਪਣੇ ਆਪ ਨੂੰ ਆਪਦੀ ਸਾਰੀ ਸਾਹਤਿਕ ਘਾਲਣਾ ਵਿਚ ਸਮਰਪਿਤ ਕੀਤਾ ਹੈ।

ਅੰਤ ਵਿਚ ਇਕ ਸਵਾਲ ਹੋਰ ਕਰਨਾ ਹੈ ਕਿ ਕੀ ਕੋਈ ਸੰਦੇਸ਼ ਦੇਣਾ ਪਸੰਦ ਕਰਦੇ ਹੋ?

-ਸਤਿਗੁਰੂ ਸਭ ਨੂੰ ਸੁਮੱਤ ਬਖ਼ਸ਼ੇ ਤੇ ਅਸੀਂ ਵਿਸ਼ਾਲ ਦਿਲ ਵਾਲੇ ਸੱਚੇ ਮਾਨਵ-ਭਗਤ ਬਣ ਜਾਈਏ। ਪ੍ਰਗਤੀਸ਼ੀਲ ਵਿਕਾਸ ਵਿਚ ਸਾਡਾ ਵਿਸ਼ਵਾਸ ਹੋਵੇ, ਸਾਰਾ ਸੰਸਾਰ ਅਮਨ ਵਿਚ ਵਸੇ। ਖ਼ੁਸ਼ਹਾਲੀ ਵੀ ਹੋਵੇ, ਪਰ ਨੈਤਿਕਤਾ ਦਾ ਪਹਿਰਾ ਜ਼ਰੂਰ ਹੋਵੇ। ਅਜਿਹੇ ਵਿਸ਼ਵ ਤੇ ਸਮਾਜ ਦੀ ਸਥਾਪਨਾ ਲਈ ਜਿੰਨੀ ਵੀ ਅਤੇ ਜਿਸ ਤਰ੍ਹਾਂ ਦੀ ਵੀ ਘਾਲ ਹੋ ਸਕੇ, ਹਰ ਇਕ ਨੂੰ ਕਰਨੀ ਚਾਹੀਦੀ ਹੈ, ਆਪਣੀ ਆਪਣੀ ਯੋਗਤਾ ਅਨੁਸਾਰ ਇਸ ਆਦਰਸ਼ ਦੀ ਪ੍ਰਾਪਤੀ ਲਈ ਯਥਾਸ਼ਕਤ ਹਿੱਸਾ ਪਾਉਣਾ ਚਾਹੀਦਾ ਹੈ। ਵਿਸ਼ਵ ਅਮਨ ਤੇ ਹਰ ਮਨੁੱਖ ਦਾ ਉਚਿਤ ਸਤਿਕਾਰ ਤੇ ਆਦਰਸ਼ਕ ਰਹਿਣੀ ਦੀ ਪ੍ਰਾਪਤੀ ਸਾਡਾ ਆਦਰਸ਼ ਹੋਣਾ ਚਾਹੀਦਾ ਹੈ। ਨਾ ਕਿਸੇ ਅੱਖ ਵਿਚੋਂ ਹੰਝੂ ਵਗੇ, ਨਾ ਕੋਈ ਭੁੱਖ ਦਾ ਸ਼ਿਕਾਰ ਹੋਵੇ, ਨਾ ਕਿਸੇ ਉਤੇ ਜਬਰ ਹੋਵੇ ਅਤੇ ਮਨੁੱਖੀ-ਚੇਤੰਨਤਾ ਇਤਨੀ ਬਲਵਾਨ ਹੋ ਜਾਵੇ ਕਿ ਮਨੁੱਖਤਾ ਉਤੇ ਕੈਰੀ ਅੱਖ ਰੱਖਣ ਵਾਲਾ ਉਸ ਦੀ ਤੇਜਸਵੀ ਤੱਕਣੀ ਨੂੰ ਵੇਖ ਕੇ ਹੀ ਕੁਝ ਗਲਤ ਕਰਨ ਦਾ ਹੌਸਲਾ ਨਾ ਕਰ ਸਕੇ। ਮੇਰਾ ਇਕ ਆਪਣਾ ਦੋਹਾ ਹੈ ਛੱਤੀ ਅੰਮ੍ਰਿਤ ਵਿਚ:

ਕਸੇਲ ਝਰੋਖੇ ਬੈਠ ਕੇ ਵੰਡ ਕਥੂਰ ਗਿਆਨ,
ਜੀਵਨ ਬੱਚੜੇ ਪੋਥੀਆਂ ਚਾਨਣ ਵੰਡਦੇ ਜਾਣ।

Sri Satguru Jagjit Singh Ji Elibrary NamdhariElibrary@gmail.com

A SAGA OF
SRI SATGURU JAGJIT SINGH JI

-Dr. Sharada Jayagovind

The last few months of Satguru Partap Singh ji's life on earth were spent in Sri Bhaini Sahib and he was disturbed that some people had filed a number of false civil suits against him. He did not want to appear in court and expressed his anguish this way: "I have built villages and purified the breed of cows. I wish I could have reformed the race of men. Our elder son, Vadda Kaka, will take care of the sangat and all work will be done by him."

These words indicated that the grace and blessings of the Satguru ji was on Baba ji.

The first thirty-nine years of Satguru Jagjit Singh ji's life were spent in carrying out the orders of his father with humility and surrender. He was the perfect Gursikh one could ask for.

Mastan Garh

The emerald green fields, the majestic banyan and fig trees, the beautiful flowering gardens and the neelgai which shy away from visitors to hide amidst the trees and paddy fields, make up Mastan Garh of today. This is a paradise created by Satguru Jagjit Singh ji after he ascended the throne in 1959. The lush paddy fields stretch till the horizon and the best quality basmati rice grows in these fields. The pure Sahiwal, Tharparkar and Haryana breeds of cows are raised in the goshaalas. Big desi bulls, cows and tiny calves are safe and happy, roaming around, drinking water, resting under the green trees, eating fodder to their fill. One feels reassured that all the precious Namdhari blood shed for cow protection has not gone in vain.

The creation of this Utopia was not an easy task. At first Mastan Garh was like a jungle. The land had to be cleared for cultivation. Whenever the Satguru gave a call, volunteers would come in hundreds to work with him. He took the initiative to build village roads and houses for farmers.

An embankment was built through Satguru Jagjit Singh ji's effort, on river Ghaggar, which previously would inundate the crops when flooded. The farmers benefited by Satguru ji's vision. When the land was bought, only wild berries used to grow on the soil. Satguru ji sent the soil for fertility tests and planned to develop fruit orchards. He encouraged the farmers to grow grape vines, kinnows and sweet oranges. This diversification of crops initiated by Satguru ji increased the income of small farmers.

Mata Chand Kaur ji, wife of Satguru Jagjit Singh ji, played an important role during this time and with the volunteers, built the concrete pillars needed for the cultivation of grape vines.

to be continue.......

ਕਾਵਿ-ਕਿਆਰੀ

ਗੁਰ ਚਰਨਾਂ ਉੱਤੇ ਅਰਦਾਸ

-ਪ੍ਰੋ. ਕਿਰਪਾਲ ਸਿੰਘ ਕਸੇਲ

ਗੁਰ ਚਰਨਾਂ ਦਾ ਧਿਆਨ ਧਰ,
ਕਰਦਾ ਮੈਂ ਅਰਦਾਸ।
ਬੁਧ ਵਿਵੇਕ ਨੂੰ ਬਖ਼ਸ਼ ਕੇ,
ਕਰੋ ਕਲਾ ਪ੍ਰਗਾਸ।
ਨਿਰਗੁਣਹਾਰਾ ਮੈਂ ਹਾਂ,
ਆਪ ਗੁਣਾਂ ਦੀ ਖ਼ਾਨ।
ਮਹਿਮਾ-ਗੁਰੂ ਅਲੱਖ ਹੈ,
ਜਾਇ ਨਾ ਸਕੇ ਬਖਾਨ।
ਮਿਹਰ ਕਰੋ ਗੁਰਦੇਵ ਜੀ,
ਬਖ਼ਸ਼ੋ ਇਹ ਵਰਦਾਨ।
ਹੋਵੇ ਪੂਰਨ ਗ੍ਰੰਥ ਇਹ,
ਕਿਰਪਾ ਕਰੋ ਮਹਾਨ।

ਕੀਤੀ ਬਖ਼ਸ਼ਿਸ਼ ਆਪ ਨੇ,
ਦਿੱਤਾ ਸੀ ਵਰਦਾਨ।
ਜੋ ਲਿਖੋ ਸ਼ੁਧ ਹੋਇਗਾ,
ਕੀਤਾ ਇੰਝ ਫਰਮਾਨ।
ਮੈਂ ਅੰਧੁਲਾ ਨੇਤਰਹੀਣ
ਧਰ ਆਪ ਦੀ ਟੇਕ।
ਲਿਖੇ ਗ੍ਰੰਥ ਅਨੇਕ ਨੇ,
ਮੰਨੇ ਜਾਣ ਬਿਸੇਖ।
ਰੁਲਦੇ ਫਿਰਦੇ ਕੀਟ ਦੀ,
ਪੁੱਛੇ ਨਾ ਕੋਈ ਵਾਤ।
ਥਾਪ ਦਿੱਤਾ ਇਸ ਕੀਟ ਨੂੰ,
ਸਤਿਗੁਰ ਦੇ ਪ੍ਰਤਾਪ।

ਮਿਲੇ ਸਨਮਾਨ ਅਨੇਕ ਨੇ,
ਹੋਇਆ ਮੈਂ ਪ੍ਰਸਿੱਧ।
ਸਾਹਿਤ-ਜਗਤ ਵਿਚ ਕਦਰ ਹੈ,
ਸਿੱਧਾਂ ਵਾਲੀ ਸਿਧ।
ਵਿਚ ਹਜ਼ੂਰੀ ਆਪ ਦੀ,
ਮਿਲਿਆ ਸੀ ਸਨਮਾਨ।
ਚਰਨੀਂ ਮੱਥਾ ਟੇਕ ਕੇ,
ਸ਼ਾਂਤੀ ਮਿਲੀ ਮਹਾਨ।
ਇਹ ਚਿਰਾਂ ਦੀ ਰੀਝ ਸੀ,
ਸਤਿਗੁਰ ਪੁੰਨੀ ਆਸ।
ਮੰਗਲ ਅਵਸਰ ਬਖ਼ਸ਼ਿਆ,
ਧੰਨ ਤੁਹਾਡਾ ਪ੍ਰਤਾਪ।

Sri Satguru Jagjit Singh Ji Elibrary NamdhariElibrary@gmail.com

ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

"ਕਿਉਂ। ਅਜਿਹੀ ਕੀ ਗੱਲ ਹੈ? ਤੁਸੀਂ ਉਸ ਨੂੰ ਕਿਉਂ ਮਿਲਣਾ ਚਾਹੁੰਦੇ ਹੋ? ਉਹ ਬੜਾ ਬਦਤਮੀਜ਼ ਅਤੇ ਬਦ-ਤਹਿਜ਼ੀਬ ਬੰਦਾ ਹੈ, ਉਸ ਨੇ ਸੱਦਿਆਂ ਇਥੇ ਆਉਣਾ ਵੀ ਨਹੀਂ।" ਮੈਂ ਕਿਹਾ।

"ਕੋਈ ਗੱਲ ਨਹੀਂ, ਮੈਂ ਉਸ ਦੇ ਕੋਲ ਆਪ ਹੀ ਜਾਣਾ ਚਾਹਵਾਂਗੀ।" ਉਸ ਦ੍ਰਿੜ੍ਹਤਾ ਨਾਲ ਕਿਹਾ।

"ਮੈਂ ਆਪ ਦੀ ਇਸ ਰਾਏ ਨੂੰ ਪਸੰਦ ਨਹੀਂ ਕਰਦਾ, ਅਜਿਹਾ ਨਾ ਹੋਵੇ ਉਹ ਤੁਹਾਡੇ ਨਾਲ ਚੰਗੀ ਤਰ੍ਹਾਂ ਪੇਸ਼ ਨਾ ਆਏ ਅਤੇ ਕੋਈ ਬਦ-ਕਲਾਮੀ ਕਰ ਬੈਠੇ," ਮੈਂ ਉਸ ਦੀ ਗੱਲ ਵਿਚਕਾਰੋਂ ਹੀ ਟੁਕਦਿਆਂ ਕਿਹਾ।

"ਨਹੀਂ, ਮੈਨੂੰ ਕੋਈ ਡਰ ਨਹੀਂ। ਉਹ ਜੋ ਕੁਝ ਕਹੇਗਾ ਮੈਂ ਸਬਰ, ਸ਼ਾਂਤੀ ਅਤੇ ਧੀਰਜ ਨਾਲ ਬਰਦਾਸ਼ਤ ਕਰ ਲਵਾਂਗੀ, ਤੁਸੀਂ ਕੋਈ ਚਿੰਤਾ ਨਾ ਕਰੋ।"

"ਜੇ ਏਡਾ ਕੋਈ ਜ਼ਰੂਰੀ ਕੰਮ ਹੈ ਤਾਂ ਚੱਲੋ ਮੈਂ ਉਸ ਦੀ ਫਾਂਸੀ ਵਾਲੀ ਕੋਠੜੀ ਵੱਲ ਲੈ ਚਲਦਾ ਹਾਂ। ਪਰ ਸਾਡੇ ਨਾਲੋਂ ਤੇ ਇਹ ਜੰਗਲੀ ਕਾਤਲ ਸਿਖ ਹੀ ਚੰਗਾ ਹੈ, ਜਿਸ ਨਾਲ ਮਿਸ ਸੋਫੀਆ ਇੰਟਰਵਿਯੂ ਕਰਨ ਆਈ ਹੈ।"

ਉਹ ਮੇਰੀ ਗੱਲ ਸੁਣੀ ਅਣ-ਸੁਣੀ ਕਰਕੇ ਕੁਰਸੀ ਤੋਂ ਉਠ ਕੇ ਮੇਰੇ ਅੱਗੇ ਲੱਗ ਤੁਰੀ। ਮੈਂ ਉਸ ਨੂੰ ਅੜਬੰਗੀ ਦੀ ਕੋਠੀ ਅੱਗੇ ਲੈ ਗਿਆ। ਮੇਰੇ ਨਾਲ ਇਕ ਗੋਰੀ ਨੂੰ ਵੇਖ ਕੇ ਉਹ ਹੈਰਾਨ ਜਿਹਾ ਹੋ ਗਿਆ। ਮੈਂ ਕੁਝ ਕਹਿਣ ਹੀ ਲੱਗਾ ਸੀ ਕਿ ਮਿਸ ਸੋਫੀਆ, ਉਸ ਦੀ ਹੈਰਾਨੀ ਦੂਰ ਕਰਦੀ ਹੋਈ, ਪੰਜਾਬੀ ਵਿਚ ਬੋਲ ਕੇ ਆਖਣ ਲੱਗੀ -

"ਸਤਿ ਸ੍ਰੀ ਅਕਾਲ, ਭਗਵਾਨ ਸਿੰਘ ਜੀ। ਮੇਰਾ ਨਾਂ ਮਿਸ ਸੋਫੀਆ ਹੈ ਅਤੇ ਮੈਂ ਬਰਟਨ ਸਾਹਿਬ ਦੀ ਲੜਕੀ ਹਾਂ?"

ਸਤਿ ਸ੍ਰੀ ਅਕਾਲ, ਮਿਸ ਸੋਫੀਆ। ਆਓ ਕਿਵੇਂ ਆਉਣ ਦਾ ਕਸ਼ਟ ਕੀਤਾ ਜੇ ?"

"ਕੇਵਲ ਤੁਹਾਨੂੰ ਮਿਲਣ ਲਈ?"

"ਮੈਨੂੰ ਨਹੀਂ, ਮਿਸ ਸੋਫੀਆ, ਤੁਸੀਂ ਭੁਲਦੇ ਜੇ, ਜਿਸ ਨੂੰ ਬਾਪ ਆਪਣਾ ਦੁਸ਼ਮਨ ਸਮਝੇ, ਉਸ ਦੀ ਲੜਕੀ ਉਸ ਨੂੰ ਮਿਲਣ ਆਏ , ਅਜਿਹਾ ਸ਼ਾਇਦ ਹੀ ਕਦੀ ਹੋਇਆ ਹੋਵੇ, ਰੱਬ ਖੈਰ ਕਰੇ।"

"ਪਾਪਾ ਜੀ, ਤੁਹਾਨੂੰ ਜੋ ਮਰਜ਼ੀ ਹੈ ਪਏ ਸਮਝਣ ਪਰ ਮੈਂ ਇਕ 'ਬੀਰ ਮਨੁਖ' ਨੂੰ ਵੇਖਣ ਅਤੇ ਉਸ ਨਾਲ ਕੁਝ ਵਿਚਾਰ ਵਟਾਂਦਰਾ ਕਰਨ ਆਈ ਹਾਂ।"

ਜਮ ਜਮ ਆਓ, ਮਿਸ ਸਾਹਿਬਾ! ਮੈਂ ਕੀ ਆਖਾਂ ਕਿਥੇ ਬੈਠੋ। ਤੁਹਾਡੇ ਬੈਠਣ ਲਈ ਮੇਰੇ ਕੋਲ ਕੁਝ ਨਹੀਂ। ਹਾਂ ਸੁਪਰਡੈਂਟ ਸਾਹਿਬ ਤੋਂ ਕੁਰਸੀ ਮੰਗਵਾ ਲਓ। ਮੇਰੇ ਕੋਲ ਤੇ ਤੁਹਾਡੀ ਜਿਹਲ ਦਾ ਇਹ ਕੰਬਲ ਹਾਜ਼ਰ ਹੈ, ਇਸ 'ਤੇ ਬੈਠਣਾ ਤੁਹਾਡੀ ਸ਼ਾਨ ਦੇ ਸ਼ਾਇਆ ਨਹੀਂ।"

"ਮੈਂ ਇਸ ਕੰਬਲ ਤੇ ਹੀ ਬੈਠਣਾ ਪਸੰਦ ਕਰਾਂਗੀ।" ਇਹ ਆਖ ਮਿਸ ਸੋਫੀਆ ਕੰਬਲ ਉੱਤੇ ਅੜਬੰਗੀ ਦੇ ਕੋਲ ਹੀ ਜਾ ਬੈਠੀ।"

ਮੈਂ ਜੋ ਸੋਚਦਾ ਸਾਂ ਇਹ ਉਸ ਤੋਂ ਬਿਲਕੁਲ ਹੀ ਉਲਟੀ ਗੱਲ ਸੀ। ਸੋਫੀਆ ਕੋਲ ਅੜਬੰਗੀ ਜਿਹੇ ਨੀਮ ਵਹਿਸ਼ੀ ਦਾ ਭਲਮਾਣਸੀ ਨਾਲ ਅਤੇ ਸੱਭਤਾ ਨਾਲ ਬੈਠਣਾ ਵੇਖ ਮੈਂ ਮਨ ਵਿਚ ਕਿਹਾ, ਹੁਸਨ ਦਾ ਜਾਦੂ ਕਿਸ ਨੂੰ ਵੱਸ ਨਹੀਂ ਕਰ ਲੈਂਦਾ। ਇਸ ਅਗੇ ਜ਼ਹਿਰੀਲੇ ਨਾਗ ਅਤੇ ਮਾਰ ਖੋਰ ਜਾਨਵਰ ਵੀ ਹਾਰ ਮੰਨ ਕੇ ਨਿਉ ਜਾਂਦੇ ਹਨ। ਇਸ ਝੱਲੇ ਨੇ ਅਜਿਹੀ ਮੋਮ ਦੀ ਪੁਤਲੀ ਖ਼ੂਬਸੂਰਤੀ ਦੀ ਜੀਉਂਦੀ ਜਾਗਦੀ ਤਸਵੀਰ ਕਦ ਡਿਠੀ ਹੋਣੀ ਹੈ। ਕਾਸ਼ ! ਕਦੀ ਅੱਜ ਇਸ ਦੇ ਥਾਂ ਮੈਂ ਹੁੰਦਾ।

ਅਜੇ ਮੈਂ ਇਨ੍ਹਾਂ ਖਿਆਲਾਂ ਦੇ ਚੜ੍ਹਾ ਉਤਰਾ ਵਿਚ ਹੀ

Sri Satguru Jagjit Singh Ji Elibrary NamdhariElibrary@gmail.com

ਸਾਂ ਕਿ ਮੇਰੇ ਕੰਨਾਂ ਵਿਚ ਫਿਰ ਉਹ 'ਵੀਣਾ ਨਾਲੋ ਮਧੁਰ ਅਤੇ ਆਬੇ ਹਯਾਤ ਨਾਲੋ ਸਜੀਵ ਆਵਾਜ਼ ਪਈ।

"ਥੈਂਕਸ। ਮਿਸਟਰ ਸੁਪਰਡੈਂਟ, ਹੁਣ ਤੁਸੀਂ ਜਾ ਸਕਦੇ ਜੇ। ਖੇਚਲ ਲਈ ਸ਼ੁਕਰੀਆ। ਅਸੀਂ ਕੁਝ ਖਾਸ ਗੱਲਾਂ ਕਰਨੀਆਂ ਹਨ। ਮੇਰੇ ਵੱਲੋਂ ਤੁਸੀਂ ਨਿਸਚਿੰਤ ਰਹੋ।"

ਕੋਈ ਹੋਰ ਹੁੰਦਾ ਤਦ ਮੈਂ ਕਹਿ ਸਕਦਾ ਸੀ ਕਿ ਮੈਂ ਤੁਹਾਨੂੰ ਇਕੱਲਿਆਂ ਗੱਲਾਂ ਕਰਨ ਦੀ ਇਜਾਜ਼ਤ ਨਹੀਂ ਦੇ ਸਕਦਾ। ਪਰ ਬਰਟਨ ਸਾਹਿਬ ਦੀ ਲਾਡਲੀ ਇਕਲੌਤੀ ਧੀ ਨੂੰ ਕੀ ਆਖਦਾ, ਜਿਸ ਦੇ ਰਹਿਮ ਦਾ ਮੈਂ ਆਪ ਹੱਕਦਾਰ ਹਾਂ।

ਮੈਨੂੰ ਇਸ ਗੱਲ ਦੀ ਕੋਈ ਵੀ ਖਾਸ ਹੈਰਾਨੀ ਨਾ ਹੋਈ ਕਿਉਂਕਿ ਬਰਟਨ ਸਾਹਿਬ ਦੇ ਸਾਰੇ ਕੰਮ ਹੀ ਨਿਰਾਲੇ ਸਨ। ਇਹ ਮਿਸਟਰ ਬਰਟਨ ਅਜੀਬ ਕਿਸਮ ਦਾ ਬੰਦਾ ਹੈ। ਆਪਣੇ ਜ਼ਮਾਨੇ ਦਾ ਚਾਲਾਕ, ਡਿਪਲੋਮੈਟਕ ਅਤੇ ਲੋੜ ਤੋਂ ਵੀ ਵਧੀਕ ਹੁਸ਼ਿਆਰ ਪੁਲਿਸ ਅਫਸਰ ਹੈ। ਇਸ ਕਰ ਕੇ ਇਸ ਨੂੰ 10-12 ਸਾਲ ਡਿਸਟ੍ਰਿਕਟ ਲੁਧਿਆਣਾ ਵਿਚ ਹੀ ਖ਼ਾਸ ਕਰ ਕੂਕਾ ਮੂਵਮੈਂਟ ਨੂੰ ਦਬਾਉਣ ਲਈ ਲਾਇਆ ਹੋਇਆ ਹੈ। ਉਸ ਦੀਆਂ ਰਾਜਨੀਤਿਕ ਭੇਦ ਭਰੀਆਂ ਚਾਲਾਕੀਆਂ ਨੂੰ ਉਸ ਤੋਂ ਬਿਨਾਂ ਹੋਰ ਕੋਈ ਨਹੀਂ ਜਾਣਦਾ।

ਇਕ ਵਾਰ ਕਿਸੇ ਖ਼ਾਸ ਇਨਫਰਮੇਸ਼ਨ ਲਈ ਮਿਸਟਰ ਬਰਟਨ ਕੂਕਿਆਂ ਦੇ ਮਸ਼ਹੂਰ ਪਿੰਡ ਮੁਠੱਡਾ ਕਲਾਂ (ਜ਼ਿਲ੍ਹਾ ਜਲੰਧਰ) ਜੋ ਫਿਲੌਰ ਤੋਂ 3 ਮੀਲ ਪੱਛਮ ਵੱਲ ਹੈ, ਵਿਚ ਜਿਸ ਪਾਸੇ ਰਾਤੀਂ ਜ਼ਨਾਨੀਆਂ ਟੱਟੀ ਜਾਂਦੀਆਂ ਸਨ, ਪੇਂਡੂ ਜ਼ਨਾਨੀਆਂ ਵਾਲੇ ਕੱਪੜੇ ਘੱਗਰੀ ਆਦਿ ਪਾ ਕੇ ਤੇ ਨਕਲੀ ਵਾਲਾਂ ਦੀ ਗੁੱਤ ਬਣਾ ਕੇ, ਘੁੰਡ ਕੱਢ ਕੇ ਟੱਟੀ ਫਿਰਨ ਦੇ ਬਹਾਨੇ ਆਪ ਉਨ੍ਹਾਂ ਵਿੱਚ ਜਾ ਬੈਠੇ ਸਨ।

ਮਿੱਸ ਸੋਫੀਆ ਦੀ ਗੱਲ ਸੁਣ ਕੇ ਮੈਂ ਕਿਹਾ, "ਥੈਂਕਯੂ ਸਾਹਿਬਾ, ਜ਼ਰੂਰਤ ਪਏ ਮੈਨੂੰ ਆਵਾਜ਼ ਦੇ ਲੈਣਾ, ਮੈਂ ਇਥੇ ਨੇੜੇ ਤੇੜੇ ਹੀ ਵਿਚਰਦਾ ਪਿਆ ਹਾਂ। ਮੈਂ ਅਜਿਹੇ ਥਾਂ ਜਾ ਖਲੋਤਾ ਜਿੱਥੇ ਮੈਂ ਉਨ੍ਹਾਂ ਦੀ ਗੱਲ ਬਾਤ ਵੀ ਸੁਣ ਸਕਾਂ ਅਤੇ ਵੇਖ ਵੀ ਸਕਾਂ, ਪਰ ਉਨ੍ਹਾਂ ਨੂੰ ਵਿਖਾਈ ਨਾ ਦਿਆਂ।

3

"ਮੈਂ ਤੁਹਾਡੀ ਸਖਾਵਤ, ਬਹਾਦਰੀ ਅਤੇ ਸੱਭਤਾ ਦਾ ਪਾਪਾ ਤੋਂ ਹਾਲ ਸੁਣ ਕੇ ਤੁਹਾਨੂੰ ਮਿਲਣ ਆਈ ਹਾਂ। ਤੁਸੀਂ ਉਨ੍ਹਾਂ ਨਾਲ ਕਿਆ ਬੇ-ਮਿਸਾਲ ਸਲੂਕ ਕੀਤਾ ਜਦ ਕਿ ਤੁਹਾਡੀ ਗ੍ਰਿਫ਼ਤਾਰੀ ਲਈ ਉਹ ਤੁਹਾਡਾ ਪਿੱਛਾ ਕਰਦੇ, ਆਪ ਹੀ ਤੁਹਾਡੇ ਕਾਬੂ ਆ ਗਏ ਸਨ। ਉਸ ਦਾ ਬਦਲਾ ਉਨ੍ਹਾਂ ਨੇ ਤੁਹਾਨੂੰ ਇਹ ਫਾਂਸੀ ਦੀ ਕੋਠੜੀ ਦਿਤੀ ਹੈ, ਜਿਸ ਦਾ ਮੈਨੂੰ ਬਹੁਤ ਅਫ਼ਸੋਸ ਹੈ। ਮਿਸ ਸੋਫੀਆ ਸੰਤ ਭਗਵਾਨ ਸਿੰਘ ਨੂੰ ਸੰਬੋਧਨ ਕਰ ਕੇ ਬੋਲੀ।

"ਨਹੀਂ, ਮਿਸ ਸੋਫੀਆ! ਮੈਂ ਤੁਹਾਡੇ ਪਾਪਾ ਜੀ ਤੇ ਕੋਈ ਅਹਿਸਾਨ ਨਹੀਂ ਕੀਤਾ, ਇਹ ਤਾਂ ਸਗੋਂ ਉਸ ਅਹਿਸਾਨ ਦਾ ਪ੍ਰਤੀ-ਕਰਮ ਸੀ, ਜੋ ਤੁਹਾਡੀ ਨੇਕ ਤੇ ਰਹਿਮ ਦਿਲ ਮੰਮੀ ਨੇ ਸਾਡੇ ਕੂਕਿਆਂ ਸਿਰ, ਸਤਿਗੁਰੂ ਰਾਮ ਸਿੰਘ ਜੀ ਦਾ ਰੰਗੂਨ ਦਾ ਪਤਾ ਦੱਸ ਕੇ, ਕੀਤਾ ਸੀ, ਕਿਹੇ ਚੰਗੇ ਹਨ ਤੁਹਾਡੀ ਮੰਮੀ। ਅਸਲ ਵਿਚ ਤੁਹਾਡੇ ਪਾਪਾ ਨੂੰ ਬਚਾਉਣ ਦਾ ਸਿਹਰਾ ਮੇਰੇ ਸਿਰ ਨਹੀਂ, ਸਗੋਂ ਤੁਹਾਡੀ ਮੰਮੀ ਸਿਰ ਹੀ ਹੈ।"

"ਇਸ ਖੁਦਗਰਜ਼ ਤੇ ਪਦਾਰਥਵਾਦੀ ਜ਼ਮਾਨੇ ਵਿਚ ਇਹ ਅਹਿਸਾਨ ਵੀ ਕੋਈ ਤੁਹਾਡੇ ਜਿਹੇ ਬੀਰ ਪੁਰਸ਼ ਹੀ ਮੰਨਦੇ ਹਨ, ਨਹੀਂ ਤਾਂ ਦਾਅ ਲੱਗਣ 'ਤੇ ਅਤੇ ਕਾਬੂ ਆਉਣ 'ਤੇ ਕੌਣ ਪ੍ਰਵਾਹ ਕਰਦਾ ਹੈ।"

"ਇਹ ਆਪੋ ਆਪਣਾ ਧਰਮ ਤੇ ਸੁਭਾਵ ਹੈ ਮਿਸ ਸੋਫੀਆ। ਮੇਰਾ ਧਰਮ ਮੈਨੂੰ ਘਰ ਆਏ ਵੈਰੀ ਨਾਲ ਪਿਆਰ, ਹਮਦਰਦੀ ਅਤੇ ਬੰਧੁਤਾ ਸਿਖਾਉਂਦਾ ਹੈ। ਉਨ੍ਹਾਂ ਦਾ ਪੁਲਸੀ ਫਰਜ਼ ਕਸਮ ਖਾ ਕੇ ਬੁਰਾ ਕੀਤਿਆਂ ਹੀ ਪੂਰਾ ਹੁੰਦਾ ਹੈ।"

"ਪਤਾ ਨਹੀਂ ਪਾਪਾ ਨੇ ਇਹਨਾਂ ਕੰਮਾਂ ਤੋਂ ਕੀ ਖੱਟੀ ਖੱਟਣੀ ਹੈ। ਤੁਹਾਨੂੰ ਮਾਰਨ ਦੀ ਦਿਲੋਂ ਮਨੋਂ ਕੋਸ਼ਿਸ਼ ਵਿਚ ਲੱਗੇ ਹੋਏ ਨੇ।

ਚੱਲਦਾ......................

ਸਤਿਜੁਗ ਆਪ ਪੜ੍ਹੋ ਤੇ ਹੋਰਾਂ ਨੂੰ ਵੀ ਪੜ੍ਹਾਓ।

ਸੁੱਚੇ ਮੋਤੀ

- ਪੁਸਤਕਾਂ-ਸਾਡੀ ਇਕੱਲਤਾ ਵਿਚ ਸਾਡੀਆਂ ਸਾਥਣਾਂ ਬਣਦੀਆਂ ਹਨ ਅਤੇ ਸਾਨੂੰ ਆਪਣਾ ਆਪ ਆਪਣੇ ਉਤੇ ਬੋਝ ਸਮਝਣ ਤੋਂ ਬਚਾਉਂਦੀਆਂ ਹਨ।

-ਜੇਰੇਮੀ ਕੋਲੀਅਰ

- ਇਕ ਪਿੰਜਰਾ ਤਾਂ ਆਖਰ ਪਿੰਜਰਾ ਹੀ ਹੁੰਦਾ ਹੈ, ਭਾਵੇਂ ਇਸਦੀਆਂ ਸੀਖਾਂ ਸੋਨੇ ਦੀਆਂ ਹੋਣ।

-ਵਲਾਯਲਿ ਨਾਰਾਇਣ ਮੈਨਨ

- ਜਦੋਂ ਤੁਸੀਂ ਸਮੱਸਿਆਵਾਂ ਨੂੰ ਹੱਲ ਹੀ ਨਹੀਂ ਕਰ ਸਕਦੇ ਤਾਂ ਇਨ੍ਹਾਂ ਨੂੰ ਕਾਬੂ ਵਿਚ ਕਰੋ।

-ਰਾਬਰਟ ਸ਼ਿਊਲਰ

- ਉਹੋ ਹੀ ਹੱਕਾਂ ਦੇ ਹੱਕਦਾਰ ਹਨ, ਜਿਹੜੇ ਇਨ੍ਹਾਂ ਦੀ ਰਖਵਾਲੀ ਕਰਨ ਦੀ ਹਿੰਮਤ ਰਖਦੇ ਹਨ।

-ਆਰ.ਬੀ.

- ਮਜ਼ਬੂਤੀ ਨਾਲ ਆਪਣੇ ਸੁਪਨੇ ਸੰਭਾਲੋ। ਜੇ ਸੁਪਨੇ ਮਰ ਜਾਂਦੇ ਹਨ ਤਾਂ ਜ਼ਿੰਦਗੀ ਇੰਜ ਹੋ ਜਾਵੇਗੀ ਜਿਵੇਂ ਪੰਛੀ ਦੇ ਪਰ ਕੱਟੇ ਹੁੰਦੇ ਹਨ ਤੇ ਉਹ ਉੱਡ ਨਹੀਂ ਸਕਦਾ।

-ਐਲ.ਹਿਊਗਸ

- ਇਸ ਵਿਸ਼ਵਾਸ ਤੋਂ ਵੱਧ ਇਕ ਔਰਤ ਨੂੰ ਹੋਰ ਕੋਈ ਚੀਜ਼ ਖੂਬਸੂਰਤ ਨਹੀਂ ਬਣਾਉਂਦੀ, ਜਿੰਨਾ ਇਹ ਵਿਸ਼ਵਾਸ ਕਿ ਉਹ ਖੂਬਸੂਰਤ ਹੈ।

-ਸੋਫੀਆ ਲੋਰਾਂ

ਬੱਚਿਆਂ ਦਾ ਪੰਨਾ

ਸਰਵਨ ਕੁਮਾਰ

ਸਰਵਨ ਕੁਮਾਰ ਆਪਣੇ ਮਾਤਾ-ਪਿਤਾ ਦਾ ਇਕਲੌਤਾ ਬੇਟਾ ਸੀ। ਉਸਦੇ ਮਾਤਾ-ਪਿਤਾ ਬਜ਼ੁਰਗ ਅਤੇ ਅੰਨ੍ਹੇ ਸਨ। ਸਰਵਨ ਉਹਨਾਂ ਦੇ ਨਾਲ ਇੱਕ ਝੌਪੜੀ ਵਿੱਚ ਰਹਿੰਦਾ ਸੀ।

ਉਸਦੇ ਮਾਤਾ-ਪਿਤਾ ਹਮੇਸ਼ਾ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ। ਸਰਵਨ ਆਪਣੇ ਮਾਤਾ-ਪਿਤਾ ਨਾਲ ਬਹੁਤ ਖੁਸ਼ ਰਹਿੰਦਾ ਸੀ। ਦਿਨ ਰਾਤ ਉਹਨਾਂ ਦੀ ਸੇਵਾ ਕਰਦਾ ਸੀ ਅਤੇ ਬਹੁਤ ਹੀ ਆਗਿਆਕਾਰੀ ਸੀ।

ਇੱਕ ਰਾਤ ਨੂੰ ਜਦੋਂ ਸਰਵਨ ਦੀ ਅੱਖ ਖੁਲ੍ਹੀ ਤੇ ਉਸਨੇ ਦੇਖਿਆ ਕਿ ਉਸਦੇ ਮਾਤਾ ਪਿਤਾ ਆਪਸ ਵਿੱਚ ਗੱਲ-ਬਾਤ ਕਰ ਰਹੇ ਹਨ । ਮਾਤਾ ਜੀ ਕਹਿ ਰਹੇ ਸਨ ਕਿ ਮੈਂ ਤੀਰਥ ਯਾਤਰਾ ਜਾਣਾ ਚਾਹੁੰਦੀ ਹਾਂ। ਪਿਤਾ ਜੀ ਨੇ ਸੁਣ ਕੇ ਉੱਤਰ ਦਿੱਤਾ ਕਿ ਅਸੀਂ ਦੋਨੋਂ ਹੀ ਅੰਨ੍ਹੇ ਅਤੇ ਲੰਗੜੇ ਹਾਂ। ਸਾਡੇ ਦੋਹਾਂ ਦਾ ਇਹ ਸੁਪਨਾ ਪੂਰਾ ਨਹੀਂ ਹੋ ਸਕਦਾ। ਮਾਤਾ ਜੀ ਕਹਿਣ ਲੱਗੇ ਕਿ ਇਸਦੇ ਪਿੱਛੇ ਵੀ ਪ੍ਰਭੂ ਦੀ ਕੋਈ ਇੱਛਾ ਹੋਵੇਗੀ। ਸਾਨੂੰ ਉਦਾਸ ਨਹੀਂ ਹੋਣਾ ਚਾਹੀਦਾ ਕਿਉਂਕਿ ਉਸ ਪ੍ਰਮਾਤਮਾ ਨੇ ਸਾਨੂੰ ਇੱਕ ਬਹੁਤ ਹੀ ਆਗਿਆਕਾਰੀ, ਸਿਆਣਾ ਅਤੇ ਸੇਵਾ ਕਰਨ ਵਾਲਾ ਪੁੱਤਰ ਦਿੱਤਾ ਹੈ। ਇਹ ਸਭ ਗੱਲਾਂ ਸੁਣ ਕੇ ਸਰਵਨ ਮਨ ਹੀ ਮਨ ਵਿਚਾਰ ਕਰਦਾ ਹੈ ਕਿ ਮੈਂ ਕਿਸ ਤਰ੍ਹਾਂ ਆਪਣੇ ਮਾਤਾ-ਪਿਤਾ ਨੂੰ ਤੀਰਥ ਯਾਤਰਾ 'ਤੇ ਲੈ ਕੇ ਜਾ ਸਕਦਾ ਹਾਂ।

ਸਰਵਨ ਬਹੁਤ ਹੀ ਮਿਹਨਤੀ ਅਤੇ ਸਮਝਦਾਰ ਸੀ। ਉਸਨੇ ਬਾਂਸ ਦਾ ਮਜ਼ਬੂਤ ਡੰਡਾ, ਦੋ ਟੋਕਰੀਆਂ ਅਤੇ ਰੱਸੀ ਨਾਲ ਉਸਨੂੰ ਬੰਨ ਕੇ ਇਕ ਵਹਿੰਗੀ ਬਣਾ ਲਈ। ਉਸਨੇ ਆਪਣੇ ਮਾਤਾ ਪਿਤਾ ਨੂੰ ਟੋਕਰੀਆਂ ਵਿੱਚ ਬਿਠਾ ਕੇ ਈਸ਼ਵਰ ਨੂੰ ਯਾਦ ਕੀਤਾ ਅਤੇ ਆਪਣੀ ਯਾਤਰਾ ਆਰੰਭ ਕਰ ਲਈ।

ਉਸਨੇ ਰਸਤੇ, ਖੇਤ, ਜੰਗਲ, ਪਹਾੜ ਖਾਈਆਂ ਅਤੇ ਨਦੀਆਂ ਸਭ ਬੜੇ ਪ੍ਰੇਮ ਨਾਲ ਪਾਰ ਕੀਤੇ। ਗੰਗਾ ਅਤੇ ਯਮੁਨਾ ਪਵਿੱਤਰ ਨਦੀਆਂ ਵੀ ਪਾਰ ਕੀਤੀਆਂ। ਭਿੰਨ-ਭਿੰਨ ਦੇਵੀ-ਦੇਵਤਿਆਂ ਦੇ ਮੰਦਰਾਂ ਵਿੱਚ ਲੈ ਕੇ ਗਿਆ ਅਤੇ ਦਰਸ਼ਨ ਕੀਤੇ। ਪਵਿੱਤਰ ਨਦੀਆਂ ਵਿੱਚ ਵੀ ਇਸ਼ਨਾਨ ਕਰਵਾਇਆ ਅਤੇ ਬੜੇ ਪਿਆਰ ਨਾਲ ਉਹਨਾਂ ਦੀ ਸੇਵਾ ਕਰਦਾ ਰਿਹਾ। ਉਸ ਲਈ ਉਸਦੇ ਮਾਤਾ-ਪਿਤਾ ਭਗਵਾਨ ਦੇ ਬਰਾਬਰ ਸਨ ਅਤੇ ਉਸਦੇ ਮਾਤਾ-ਪਿਤਾ ਸਰਵਨ ਨੂੰ ਆਪਣੇ ਪੁੱਤਰ ਦੇ ਰੂਪ ਵਿੱਚ ਵੇਖ ਕੇ ਬਹੁਤ ਖੁਸ਼ ਸਨ। ਸਰਵਨ ਆਪਣੇ ਮਾਤਾ-ਪਿਤਾ ਨੂੰ ਖੁਸ਼ ਦੇਖ ਕੇ ਬਹੁਤ ਹੀ ਪ੍ਰਸੰਨ ਹੁੰਦਾ।

ਰਸਤੇ ਵਿੱਚ ਕੋਈ ਸਾਫ਼-ਸੁਥਰੀ ਜਗ੍ਹਾ 'ਤੇ ਵਹਿੰਗੀ ਰੱਖ ਖਾਣ-ਪੀਣ ਦਾ ਪ੍ਰਬੰਧ ਕਰਦਾ ਅਤੇ ਉਹਨਾਂ ਨੂੰ ਆਰਾਮ ਕਰਨ ਲਈ ਕਹਿੰਦਾ। ਪੂਰੇ ਉਤਸ਼ਾਹ ਅਤੇ ਸੇਵਾ ਭਾਵਨਾ ਨਾਲ ਉਸਨੇ ਆਪਣੀ ਯਾਤਰਾ ਪੂਰੀ ਕੀਤੀ। ਸਰਵਨ ਦੇ ਮਾਤਾ-ਪਿਤਾ ਦੀ ਖੁਸ਼ੀ ਦਾ ਤੇ ਠਿਕਾਨਾ ਹੀ ਨਹੀਂ ਸੀ, ਉਹ ਦਿਲ ਤੋਂ ਉਸ ਅਕਾਲਪੁਰਖ ਦਾ ਧੰਨਵਾਦ ਕਰਦੇ ਰਹਿੰਦੇ। ਜਿਸ ਦੀ ਕਿਰਪਾ ਸਦਕਾ ਉਹਨਾਂ ਨੂੰ ਸਰਵਨ ਵਰਗੇ, ਆਗਿਆਕਾਰੀ ਸੇਵਾਭਾਵੀ ਅਤੇ ਸਤਿਕਾਰੀ ਪੁੱਤਰ ਦੀ ਦਾਤ ਦਿੱਤੀ।

ਉਹਨਾਂ ਨੇ ਆਪਣੇ ਪੁੱਤਰ ਨੂੰ ਬਹੁਤ ਆਸ਼ੀਰਵਾਦ ਦਿੱਤੇ ਜਿੰਨੇ ਇਕ ਬਹੁਤ ਹੀ ਅਸੰਭਵ ਕੰਮ ਨੂੰ ਬੜੀ ਸਰਲਤਾ ਅਤੇ ਪਿਆਰ ਨਾਲ ਪੂਰਾ ਕੀਤਾ। ਆਪਣੇ ਬੁੱਢੇ ਅਤੇ ਲੰਗੜੇ ਮਾਤਾ-ਪਿਤਾ ਨੂੰ ਸਾਰੇ ਤੀਰਥ ਸਥਲਾਂ ਦੀ ਯਾਤਰਾ ਕਰਵਾਈ।

Sri Satguru Jagjit Singh Ji Elibrary NamdhariElibrary@gmail.com

ਖ਼ਬਰਨਾਮਾ

ਜਥੇਦਾਰ ਸੰਤ ਪਿਆਰਾ ਸਿੰਘ ਨਾਮਧਾਰੀ ਬੋਹਾ ਵਾਲਿਆਂ ਜੀ ਦੀ ਸੰਖੇਪ ਜੀਵਨੀ

ਆਪ ਜੀ ਦਾ ਜਨਮ ਸੰਨ 1922 ਵਿੱਚ ਗੁਰਸਿੱਖ ਪਰਿਵਾਰ ਮਾਤਾ ਜੱਸ ਕੌਰ, ਪਿਤਾ ਸਰਦਾਰ ਭਗਵਾਨ ਸਿੰਘ ਬਾਜਵਾ ਜੀ ਦੇ ਗ੍ਰਹਿ ਪਿੰਡ ਬਾਲੇ ਕੇ ਤਹਿਸੀਲ ਨਾਰੋਵਾਲ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ। ਆਪ ਜੀ ਨੇ ਪੰਜਵੀਂ ਤੱਕ ਉਰਦੂ ਅਤੇ ਪੰਜਾਬੀ ਦੀ ਸਿੱਖਿਆ ਹਾਸਿਲ ਕੀਤੀ। ਉਸ ਸਮੇਂ ਅੰਗਰੇਜ਼ ਸਰਕਾਰ ਵੱਲੋਂ ਨਾਮਧਾਰੀ ਪੰਥ 'ਤੇ ਹਰ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਹੋਈਆਂ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋ ਪੰਥ ਦੀ ਅਗਵਾਈ ਕੀਤੀ ਜਾ ਰਹੀ ਸੀ। ਆਪ ਜੀ ਪੰਥ ਦੇ ਮਹਾਨ ਪ੍ਰਚਾਰਕ ਪੰਡਤ ਗੋਪਾਲ ਸਿੰਘ ਜੀ ਦੇ ਹਮ-ਉਮਰ ਅਤੇ ਪਿੰਡਾਂ ਦੇ ਗੁਆਂਢੀ ਹੋਣ ਕਾਰਨ ਇਕੱਠਿਆਂ ਗੁਰਬਾਣੀ ਦਾ ਗਿਆਨ ਅਤੇ ਦੀਵਾਨ ਸਜਾਣਾ ਸਿੱਖਿਆ। ਆਪ ਜੀ ਨੇ ਦੇਸ਼ ਦੀ ਆਜ਼ਾਦੀ ਲਈ ਹੋ ਰਹੇ ਅੰਦੋਲਨਾਂ ਵਿੱਚ ਵੀ ਭਾਗ ਲੈਣਾ ਸ਼ੁਰੂ ਕੀਤਾ। ਨਾਮਧਾਰੀ ਪੰਥ ਵਿੱਚ ਪ੍ਰਮੁੱਖ ਪ੍ਰਚਾਰਕ ਅਤੇ ਆਜ਼ਾਦੀ ਘੁਲਾਟੀਏ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਸੰਤ ਨਿਧਾਨ ਸਿੰਘ ਆਲਿਮ, ਸੰਤ ਭਗਤ ਸਿੰਘ ਦਾਤੇਵਾਸ, ਜਥੇਦਾਰ ਅਤਰ ਸਿੰਘ ਜੀ ਸੰਭੜਿਵਾਲ ਵਾਲੇ, ਸੰਤ ਇੰਦਰ ਸਿੰਘ ਜੀ ਚੱਕਰਵਰਤੀ ਆਦਿ ਦੀ ਸੰਗਤ ਮਾਨਣ ਦਾ ਮੌਕਾ ਮਿਲਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਜੀ ਨੂੰ ਸਿਆਮ (ਥਾਈਲੈਂਡ) ਦੇ ਦੌਰੇ 'ਤੇ ਵੀ ਨਾਲ ਲੈ ਕੇ ਗਏ ਜਿੱਥੇ ਜਥੇਦਾਰ ਜੀ ਵੱਲੋਂ ਗੁਰਮਤਿ ਅਨੁਸਾਰ ਦੀਵਾਨ ਸਜਾਏ ਗਏ। ਸਮੇਂ ਸਮੇਂ ਤੇ ਪੰਥ ਦੀ ਚੜ੍ਹਦੀ ਕਲਾ ਤੇ ਦੇਸ਼ ਦੀ ਆਜ਼ਾਦੀ ਲਈ ਵੱਧ ਚੜ੍ਹ ਕੇ ਹਿੱਸਾ ਪਾਇਆ। ਸੰਨ 1947 ਦੀ ਵੰਡ ਸਮੇਂ ਆਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਕੇਤ ਮੰਡੀ (ਹਿਮਾਚਲ) ਦੇ ਦੌਰੇ 'ਤੇ ਨਾਲ ਸਨ ਉੱਥੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ ਕਿ ਆਪਣਾ ਪਰਿਵਾਰ ਅਤੇ ਹੋਰ ਸਿੱਖਾਂ ਸਬੰਧੀਆਂ ਨੂੰ ਲੈ ਕੇ ਰਾਵੀ ਤੋਂ ਪਾਰ ਆ ਜਾਵੋ। ਇਹ ਧਰਤੀ ਹੁਣ ਸਾਡੇ ਰਹਿਣ ਵਾਲੀ ਨਹੀਂ ਰਹੀ ਕਿਉਂਕਿ ਉਹਨਾਂ ਨੂੰ ਸੰਨ 1947 ਦੀ ਵੰਡ ਵੇਲੇ ਦੀਆਂ ਦੁਰਦਸ਼ਾ ਤੇ ਕਤਲੋ ਗਾਰਦ ਅਤੇ ਬੇਪਤੀਆਂ ਦਿਖਾਈ ਦੇ ਰਹੀਆਂ ਸਨ। ਸਤਿਗੁਰੂ ਜੀ ਦਾ ਹੁਕਮ ਮੰਨਦੇ ਹੋਏ ਪਰਿਵਾਰ ਅਤੇ ਸਿੱਖ ਸਬੰਧੀਆਂ ਸਮੇਤ ਰੌਲੇ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਪਹੁੰਚ ਗਏ ਉਸ ਤੋ ਬਾਅਦ ਉਹਨਾਂ ਦੀ ਜ਼ਮੀਨ ਦੀ ਅਲਾਟਮੈਂਟ ਪਿੰਡ ਭੁਲੱਥ (ਜਿਲਾ ਕਪੂਰਥਲਾ) ਵਿਖੇ ਹੋਈ, ਜਿੱਥੇ ਆਪ ਕਰੀਬ 12 ਸਾਲ ਰਹੇ। ਆਪ ਜੀ ਦਾ ਅਨੰਦ ਕਾਰਜ ਸੰਨ 1955 ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਗੁਰਸਿੱਖ ਪਰਿਵਾਰ ਬੀਬੀ ਗੁਰਦੀਪ ਕੌਰ ਸਪੁੱਤਰੀ ਸ੍ਰ. ਗੁਰਬਚਨ ਸਿੰਘ ਚੀਮਾ ਨਾਮਧਾਰੀ ਪਿੰਡ ਡੇਰਾ ਮੀਰਮੀਰਾਂ ਜਿਲਾ ਫਤਿਹਗੜ੍ਹ ਸਾਹਿਬ ਨਾਲ ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਉਸ ਉਪਰੰਤ ਇਹਨਾਂ ਦੇ ਭੈਣ ਭਣੋਈਆ ਜੋ ਕਿ ਮਾਨਸਾ ਦੇ ਪਿੰਡ ਬੋਹਾ ਵਿਖੇ ਰਹਿੰਦੇ ਸਨ ਜਿਨ੍ਹਾਂ ਦੀ ਸਿਹਤ ਢਿੱਲੀ ਰਹਿੰਦੀ ਸੀ ਭਣੋਈਏ ਦੇ ਬਾਰ-ਬਾਰ ਕਹਿਣ 'ਤੇ ਉਹਨਾਂ ਦੀ ਮਜ਼ਬੂਰੀ ਨੂੰ ਸਾਹਮਣੇ ਰੱਖਦਿਆਂ ਜਥੇਦਾਰ ਜੀ ਨੇ ਆਪਣਾ ਨਿਵਾਸ ਪੱਕੇ ਤੌਰ ਤੇ ਬੋਹਾ ਵਿਖੇ ਹੀ ਕਰ ਲਿਆ ਅਤੇ ਉਹਨਾਂ ਨੇ ਆਪਣੀ ਜਮੀਨ ਭੁਲੱਥ ਤੋਂ ਵੇਚ ਕੇ ਬੋਹਾ ਹੀ ਲੈ ਲਈ। ਇੱਥੇ ਰਹਿੰਦਿਆਂ ਹੋਇਆ ਵੀ ਨਾਮਧਾਰੀ ਪੰਥ ਨਾਲ ਜੁੜੇ ਰਹੇ ਅਤੇ ਪੰਥਕ ਗਤੀਵਿਧੀਆਂ ਵਿੱਚ ਵੀ ਹਿੱਸਾ ਲੈਂਦੇ ਰਹੇ। ਨਾਮਧਾਰੀ ਡੇਰਾ ਕੋਟ ਧਰਮੂ ਵਿਖੇ ਦੀਵਾਨ ਸਜਾਉਣ ਤੇ ਮਹਾਰਾਜਾ ਜੰਗ ਸਿੰਘ ਜੀ ਵੱਲੋਂ ਵੀ ਅਥਾਹ ਪਿਆਰ ਅਤੇ ਸਤਿਕਾਰ ਮਿਲਦਾ ਰਿਹਾ। ਬੋਹਾ ਦੇ ਨੇੜੇ ਇਤਿਹਾਸਿਕ ਪਿੰਡ ਸੈਦੇਵਾਲਾ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਚਰਨ ਛੋਹ ਜੋੜਾ ਜਿਸ ਨੂੰ ਸਤਿਗੁਰੂ ਜੀ ਵੱਲੋਂ ਬਹੁਤ ਵਰ ਦਿੱਤੇ ਗਏ ਸਨ। ਜਿਸ ਪਰਿਵਾਰ ਕੋਲ ਸੀ ਉਹ ਵੀ ਪਾਕਿਸਤਾਨ ਤੋਂ ਸੈਦੇਵਾਲਾ ਵਿਖੇ ਆ ਵਸੇ। ਇਸ ਗੁਰਦੁਆਰੇ ਵਿੱਚ ਵੀ ਜਥੇਦਾਰ ਜੀ ਨੇ ਪ੍ਰਮੁੱਖ ਪ੍ਰਬੰਧਕਾਂ ਵਜੋਂ ਕਈ ਸਾਲ ਸੇਵਾ ਨਿਭਾਈ। ਪੰਥ ਦੇ ਮਹਾਨ ਵਿਦਵਾਨ ਕਾਵਿ-ਭੂਸ਼ਨ ਕਵੀ ਜੀਵਨ ਸਿੰਘ ਜੀ ਜਥੇ ਸਮੇਤ ਸੈਦੇਵਾਲਾ ਜਾਣ ਸਮੇਂ ਬੋਹਾ ਵਿਖੇ ਰੁਕਦੇ ਅਤੇ ਪੰਥਕ ਅਤੇ ਗੁਰ ਇਤਿਹਾਸ ਵਿਚਾਰਾਂ ਕਰਦੇ ਹੋਏ ਅਕਸਰ ਹੀ ਕਵੀ ਜੀ ਕਹਿੰਦੇ ਸਨ 'ਆਪ ਤਾਂ ਪੰਥ ਦੇ ਛੁਪੇ ਰੁਸਤਮ ਹੋ'। ਆਪ ਬੁਢਲਾਡਾ ਦੇ MLA ਸਰਦਾਰ ਗੁਰਦੇਵ ਸਿੰਘ ਬਖਸ਼ੀਵਾਲਾ ਨਾਲ ਨਿੱਜੀ ਪਿਆਰ ਹੋਣ ਕਰਕੇ ਸਮਾਜਿਕ ਅਤੇ ਰਾਜਨੀਤਿਕ ਕੰਮਾਂ ਵਿੱਚ ਹਿੱਸਾ ਲੈਂਦੇ ਰਹੇ। ਜਥੇਦਾਰ ਜੀ ਵੱਡੇਰੀ ਉਮਰ ਵਿੱਚ ਵੀ ਸਤਿਗੁਰ ਪ੍ਰਤਾਪ ਸਿੰਘ ਜੀ ਦੇ

Sri Satguru Jagjit Singh Ji Elibrary NamdhariElibrary@gmail.com

ਦਿੱਤੇ ਹੋਏ ਅਥਾਹ ਪਿਆਰ ਸਦਕਾ ਕਈ ਵਾਰ ਭਾਵੁਕ ਹੁੰਦੇ ਹੋਏ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਬੋਲੇ ਹੋਏ ਸ਼ਬਦ "ਸੁਣਾ ਜਥੇਦਾਰਾ ਅੱਜ ਕੀ ਸੁਨਾਵੇਂਗਾ ?" ਅਕਸਰ ਹੀ ਯਾਦ ਕਰਦੇ ਰਹਿੰਦੇ। ਨਾਮਧਾਰੀ ਪੰਥ ਵਿੱਚ ਲੰਮਾਂ ਸਮਾਂ ਵਿਚਰਨ ਕਰਕੇ ਬਹੁਤ ਸਾਰੀਆਂ ਸਾਖੀਆਂ ਅਤੇ ਘਟਨਾਵਾਂ ਉਹਨਾਂ ਦੇ ਨਾਲ ਹੀ ਚਲੀਆਂ ਗਈਆਂ। ਕਈ ਨਾਮਧਾਰੀ ਜਥੇਦਾਰ ਉਹਨਾਂ ਵੱਲੋਂ ਜੁਬਾਨੀ ਸੁਣਾਈਆਂ ਹੋਇਆ ਸਾਖੀਆਂ ਆਪਣੇ ਤੌਰ'ਤੇ ਰਿਕਾਰਡ ਕਰ ਕੇ ਲਿਜਾਂਦੇ ਰਹੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ'ਤੇ ਭਰੋਸਾ ਰੱਖਕੇ ਪਰਿਵਾਰ ਨੂੰ ਸਿੱਖੀ ਨਾਲ ਜੋੜੀ ਰੱਖਿਆ ਅਤੇ ਖੇਤੀਬਾੜੀ ਕਰਦਿਆਂ ਹੋਇਆਂ ਵੀ ਨਾਮ ਸਿਮਰਨ ਕਦੇ ਵੀ ਨਹੀਂ ਖੁੰਜਾਇਆ ਅਤੇ ਸੁੱਚ ਮਰਿਆਦਾ ਅਨੁਸਾਰ ਦਸਾਂ ਨੌਹਾਂ ਦੀ ਸੱਚੀ ਸੁੱਚੀ ਕਿਰਤ ਕਰਦੇ ਰਹੇ। ਉਹਨਾਂ ਦੇ ਸਪੁੱਤਰ, ਬਲਜੀਤ ਸਿੰਘ ਦਾ ਸ਼ੁਭ ਅਨੰਦ ਕਾਰਜ ਗੁਰਸਿੱਖ ਪਰਿਵਾਰ ਦਲ ਬਾਬਾ ਬਿਧੀ ਚੰਦ ਛੀਨਾ ਦੇ ਪ੍ਰਮੁੱਖ ਜਥੇਦਾਰ ਗੁਰਮੁਖ ਸਿੰਘ ਨੰਬਰਦਾਰ ਪਿੰਡ ਸੰਘਾ ਜੀ ਦੀ ਸਪੁੱਤਰੀ ਬੀਬਾ ਨਿਰਮਲਜੀਤ ਕੌਰ ਨਾਲ ਹੋਇਆ। ਬੀਬੀ ਨਿਰਮਲਜੀਤ ਕੌਰ ਨੇ ਨਾਮਧਾਰੀ ਮਰਿਆਦਾ ਨੂੰ ਪੂਰਨ ਤੌਰ'ਤੇ ਅਪਨਾ ਕੇ ਜਥੇਦਾਰ ਜੀ ਨੂੰ ਪਿਤਾ ਸਮਾਨ ਸਮਝਦਿਆਂ ਹੋਇਆਂ ਪੂਰੀ ਲਗਨ ਤੇ ਸ਼ਰਧਾ ਨਾਲ ਸੇਵਾ ਕੀਤੀ। ਸਾਲ 2007 ਵਿੱਚ ਉਹਨਾਂ ਨੇ ਆਪਣਾ ਨਿਵਾਸ ਮਾਨਸਾ ਕੈਂਚੀਆਂ ਵਿਖੇ ਕਰ ਲਿਆ ਅਤੇ ਉਹਨਾਂ ਦੇ ਹੋਣਹਾਰ ਸਪੁੱਤਰ ਬਲਜੀਤ ਸਿੰਘ ਨੇ ਮਾਨਸਾ ਕੈਂਚੀਆਂ ਵਿਖੇ ਮਕਰਾਨਾ ਮਾਰਬਲ ਇੰਡਸਟਰੀਜ਼ ਦੇ ਨਾਮ'ਤੇ ਵੱਡੇ ਪੱਧਰ'ਤੇ ਕਾਰੋਬਾਰ ਕਰ ਲਿਆ। ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਹਨਾਂ ਦੇ ਸਪੁੱਤਰ ਬਲਜੀਤ ਸਿੰਘ ਨੂੰ ਸੂਬਾ ਜੀ ਦੀ ਪਦਵੀ ਦੇਣ ਦਾ ਮਾਣ ਬਖਸ਼ਿਆ। ਜਥੇਦਾਰ ਜੀ ਦੀ ਵੱਡੇਰੀ ਉਮਰ ਹੋਣ ਕਰਕੇ ਉਹਨਾਂ ਦਾ ਸਰੀਰ ਕਮਜੋਰੀ ਮਹਿਸੂਸ ਕਰਦਾ ਸੀ। ਉਹਨਾਂ ਵੱਲੋਂ ਕਈ ਵਾਰ ਭਾਵਨਾ ਜਾਹਿਰ ਕੀਤੀ ਗਈ ਕਿ ਸਰੀਰ ਦਾ ਕੋਈ ਪਤਾ ਨਹੀਂ ਕਿ ਕਿਸ ਵੇਲੇ ਚਲਾ ਜਾਵੇ ਮੈਨੂੰ ਸ੍ਰੀ ਭੈਣੀ ਸਾਹਿਬ ਜਾ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਵਾ ਕੇ ਲਿਆਓ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਜੀਵਨ ਨਗਰ (ਸਿਰਸਾ) ਨੂੰ ਜਾਂਦਿਆਂ ਹੋਇਆਂ ਜਥੇਦਾਰ ਜੀ ਨੂੰ ਕਈ ਵਾਰ ਦਰਸ਼ਨ ਦੇ ਕੇ ਨਿਵਾਜਦੇ ਰਹੇ। ਜਥੇਦਾਰ ਜੀ ਦੀ ਇੱਕ ਸਪੁੱਤਰੀ ਬੀਬੀ ਸੁਖਵਿੰਦਰ ਕੌਰ ਦਾ ਅਨੰਦ ਕਾਰਜ ਸ. ਰਜਿੰਦਰ ਸਿੰਘ ਕਾਹਲੋਂ ਸਪੁੱਤਰ ਸ. ਦੀਦਾਰ ਸਿੰਘ ਜੀ ਪਿੰਡ ਨਕੋੜਾ ਜਿਲ੍ਹਾ ਸਿਰਸਾ ਵਿਖੇ ਹੋਇਆ। ਜਥੇਦਾਰ ਜੀ ਦਾ ਪੋਤਰਾ ਕਾਕਾ ਗੁਰਵਿੰਦਰ ਸਿੰਘ ਅਤੇ ਪੋਤਰੀ ਬੀਬਾ ਪਰਮਿੰਦਰ ਕੌਰ ਇਸ ਸਮੇਂ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ। ਸੰਖੇਪ ਜਿਹੀ ਢਿੱਲ ਮੱਠ ਕਰਕੇ ਮਿਤੀ 5-4-2019 ਨੂੰ ਬੈੱਡ'ਤੇ ਪਿਆਂ ਆਪਣੇ ਸਪੁੱਤਰ ਸੂਬਾ ਬਲਜੀਤ ਸਿੰਘ ਜੀ ਦੀ ਹਾਜਰੀ ਵਿੱਚ ਉਚੇ ਕਰਕੇ ਹੱਥ ਜੋੜੇ "ਜਿਵੇਂ ਸਤਿਗੁਰੂ ਦੇ ਦਰਸ਼ਨ ਹੋ ਰਹੇ ਹੋਣ" ਕੁਝ ਚਿਰ ਪਿੱਛੋਂ ਬਿਨ੍ਹਾਂ ਕਿਸੇ ਹਿੱਲਜੁਲ ਅਤੇ ਤਕਲੀਫ ਤੋਂ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ। " ਸੇਵਕ ਕੀ ਓੜਕਿ ਨਿਬਹੀ ਪ੍ਰੀਤਿ" ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾ ਗਏ। ਉਹਨਾਂ ਦੇ ਭੋਗ ਸਮਾਗਮ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਮਿਤੀ 21-4-2019 ਨੂੰ ਸਵੇਰੇ 10 ਵਜੇ ਤੋਂ 12 ਵਜੇ ਤੱਕ ਮਕਰਾਨਾ ਮਾਰਬਲ, ਪਟਿਆਲਾ ਰੋਡ, ਮਾਨਸਾ ਕੈਂਚੀਆਂ ਵਿਖੇ ਗੁਰਬਾਣੀ ਦੇ ਕੀਰਤਨ ਉਪਰੰਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 11 ਪਾਠਾਂ ਦੇ ਭੋਗ ਪਾਏ ਗਏ।

-ਗੁਰਮੁਖ ਸਿੰਘ ਸ਼ਾਹ

ਸੰਤ ਪਿਆਰਾ ਸਿੰਘ ਨਾਮਧਾਰੀ ਨੂੰ ਸ਼ਰਧਾਂਜਲੀਆਂ ਭੇਟ

ਮਾਨਸਾ, 22 ਅਪ੍ਰੈਲ (ਬਲਵਿੰਦਰ ਸਿੰਘ ਧਾਲੀਵਾਲ)- ਨਾਮਧਾਰੀ ਸੰਪਰਦਾ ਦੇ ਆਗੂ ਸੰਤ ਪਿਆਰਾ ਸਿੰਘ ਨਾਮਧਾਰੀ ਦੇ ਸ਼ਰਧਾਂਜਲੀ ਸਮਾਰੋਹ ਮੌਕੇ ਵੱਖ-ਵੱਖ ਰਾਜਨੀਤਕ, ਧਾਰਮਿਕ ਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਨੇ ਉਨ੍ਹਾਂ ਵਲੋਂ ਸਮਾਜ ਤੇ ਦੇਸ਼ ਦੀ ਆਜ਼ਾਦੀ ਲਈ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਬੁਲਾਰਿਆਂ ਨੇ ਕਿਹਾ ਕਿ ਅਜਿਹੀਆਂ ਸ਼ਖ਼ਸੀਅਤਾਂ ਦੇ ਜੀਵਨ ਤੋਂ ਸੇਧ ਲੈਣੀ ਬਣਦੀ ਹੈ। ਨਾਮਧਾਰੀ ਸੰਪਰਦਾ ਦੇ ਮੁਖੀ ਸਤਿਗੁਰੂ ਉਦੇ ਸਿੰਘ ਨੇ ਸੰਤ ਪਿਆਰਾ ਸਿੰਘ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਉਹ ਵਿਲੱਖਣ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਸਮਾਜਿਕ ਤੇ ਧਾਰਮਿਕ ਕਾਰਜਾਂ'ਚ ਮੋਹਰੀ ਹੋ ਕੇ ਰੋਲ ਨਿਭਾਇਆ। ਸ਼ਰਧਾ ਦੇ ਫੁੱਲ ਭੇਟ ਕਰਨ ਵਾਲਿਆਂ 'ਚ ਮਾਤਾ ਗੁਰਸ਼ਰਨ ਕੌਰ, ਸੰਤ ਕੌਰ ਸਿੰਘ ਕੋਟਧਰਮੂ, ਸੰਤ ਜਸਵੰਤ ਸਿੰਘ ਹਿੰਮਤਪੁਰਾ, ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਜ਼ਿਲ੍ਹਾ ਕਾਂਗਰਸੀ ਪ੍ਰਧਾਨ ਡਾ: ਮਨੋਜ ਬਾਲਾ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਗੁਰਮੇਲ ਸਿੰਘ ਫਫੜੇ, ਸਾਬਕਾ ਸੰਸਦੀ ਸਕੱਤਰ ਜਗਦੀਪ ਸਿੰਘ ਨਕੱਈ, ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਪ੍ਰੀਤ ਸਿੰਘ ਝੱਬਰ, ਅਕਾਲੀ ਆਗੂ ਡਾ: ਨਿਸ਼ਾਨ ਸਿੰਘ, ਗੁਰਦੀਪ ਸਿੰਘ ਟੋਡਰਪੁਰ, ਬੱਲਮ ਸਿੰਘ ਕਲੀਪੁਰ, ਜੋਗਾ ਸਿੰਘ ਬੋਹਾ, ਬਾਰ ਐਸੋਸੀਏਸ਼ਨ ਮਾਨਸਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸਿੱਧੂ, ਯੂਥ ਕਾਂਗਰਸੀ ਆਗੂ ਅਰਸ਼ਦੀਪ ਸਿੰਘ ਮਾਇਕਲ ਗਾਗੋਵਾਲ ਆਦਿ ਸ਼ਾਮਿਲ ਸਨ। ਸੂਬਾ ਬਲਜੀਤ ਸਿੰਘ ਨਾਮਧਾਰੀ ਨੇ ਸਭਨਾਂ ਦਾ ਧੰਨਵਾਦ ਕੀਤਾ।

ਸੰਗੀਤ ਬੈਠਕ

ਮਿਤੀ – 23 ਅਪ੍ਰੈਲ 2019,

ਮੰਗਲਵਾਰ, ਸ਼ਾਮ 05:00 ਵਜੇ, ਸ੍ਰੀ ਭੈਣੀ ਸਾਹਿਬ ਬੀਤੇ ਦਿਨੀਂ, ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਇਕ ਸੰਗੀਤ ਬੈਠਕ ਦਾ ਆਯੋਜਨ ਕੀਤਾ ਗਿਆ। ਜਿਸ ਦਾ ਆਰੰਭ ਨਾਮਧਾਰੀ ਕਲਾ ਕੇਂਦਰ ਦੇ ਬੱਚਿਆਂ ਨੇ ਕੀਤਾ, ਪ੍ਰੋ. ਹਰਵਿੰਦਰ ਸ਼ਰਮਾ ਦੁਆਰਾ ਤਿਆਰ ਕੀਤੇ ਇਹਨਾਂ ਬੱਚਿਆਂ ਨੇ ਰਾਗ ਯਮਨ ਦੇ ਮਧੁਰ ਸੁਰਾਂ ਨੂੰ ਸਿਤਾਰ ਉਤੇ ਪੇਸ਼ ਕੀਤਾ, ਪੇਸ਼ਕਾਰੀ ਦੌਰਾਨ ਇਕ ਪਾਸੇ ਬੱਚਿਆਂ ਦੀ ਮਿਹਨਤ ਸਰੋਤਿਆਂ ਦਾ ਦਿਲ ਮੋਹ ਰਹੀ ਸੀ, ਅਤੇ ਦੂਜੇ ਪਾਸੇ ਹਾਜ਼ਰਾ ਹਜ਼ੂਰ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਦਾ ਮੀਂਹ ਇਹਨਾਂ ਉੱਤੇ ਅਥਾਹ ਬਰਸ ਰਿਹਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨੂੰ ਸਾਕਾਰ ਕਰਦੇ ਇਹ ਬੱਚੇ, ਬੀਬੀ ਰਤਨਾ ਮਾਲਵੀਆ, ਸੰਦੀਪ ਕੌਰ, ਰਤਨ ਕੌਰ, ਰਣਜੀਤ ਕੌਰ ਅਤੇ ਤਬਲੇ ਤੇ ਕਾਕਾ ਹਰਨਾਮ ਸਿੰਘ ਵਿਸ਼ੇਸ਼ ਵਧਾਈ ਦੇ ਪਾਤਰ ਬਣੇ।

ਇਸ ਤੋਂ ਬਾਅਦ ਮੰਬਈ ਤੋਂ ਆਏ ਪੰ.ਸਮਿਤ ਤਿਵਾਰੀ ਅਤੇ ਸ੍ਰੀ ਯਸ਼ਵੰਤ ਵੈਸ਼ਨਵ ਜੀ ਨੇ ਸਤਿਗੁਰੂ ਜੀ ਦੇ ਸਨਮੁੱਖ ਆਪਣੀ ਕਲਾ ਦੇ ਜੌਹਰ ਦਿਖਾਏ, ਸਰੋਦ ਵਰਗੇ ਕਠਿਨ ਸਾਜ਼ ਉੱਤੇ ਮੁਹਾਰਤ ਹਾਸਿਲ ਕਰਨ ਵਾਲੇ ਪੰ.ਸਮਿਤ ਤਿਵਾਰੀ ਨੇ ਰਾਗ ਭੀਮਪਲਾਸੀ ਤੋਂ ਸ਼ੁਰੂਆਤ ਕੀਤੀ ਅਤੇ ਤਬਲੇ ਤੇ ਸ੍ਰੀ ਯਸ਼ਵੰਤ ਵੈਸ਼ਨਵ ਜੀ ਦੇ ਸਹਿਯੋਗ ਨਾਲ ਝੱਪ ਤਾਲ ਵਿਚ ਇਸ ਨੂੰ ਤਾਲ ਬੱਧ ਕੀਤਾ, ਲਯਕਾਰੀ ਅੰਗ ਵਿਚ ਆਪ ਨੇ ਸਰੋਤਿਆਂ ਦੀਆਂ ਤਾੜੀਆਂ ਰੁਕਣ ਨਾ ਦਿਤੀਆਂ, ਆਪ ਦੁਆਰਾ ਕੀਤੀ ਬੇਹਤਰੀਨ ਪੇਸ਼ਕਾਰੀ, ਇਕ ਕਠਿਨ ਸਾਧਨਾ ਦਾ ਫਲ ਸਰੂਪ ਸੀ।

ਸਰੋਦ, ਰਬਾਬ ਦਾ ਹੀ ਇਕ ਨਵੀਨ ਰੂਪ ਹੈ, ਰਬਾਬ ਜੋ ਕਿ ਗੁਰੂ ਨਾਨਕ ਦੇ ਸਮੇਂ ਭਾਈ ਮਰਦਾਨੇ ਦੇ ਸੰਗ ਰਹੀ, ਜਿਸਦੀਆਂ ਸੁਰਾਂ ਨੇ ਗੁਰਬਾਣੀ ਨੂੰ ਸੁਰਬੱਧ ਕੀਤਾ, ਰਾਗ ਬੱਧ ਕੀਤਾ, ਅਤੇ ਗੁਰੂ ਗੋਬਿੰਦ ਸਿੰਘ ਜੀ ਤੱਕ ਆਪਣੇ ਸੁਨਹਿਰੀ ਇਤਿਹਾਸ ਨੂੰ ਸਮੇਟ ਕੇ ਰੱਖਦੀ ਹੈ।

ਅਖੀਰ ਵਿਚ ਆਪ ਨੇ ਰਾਗ ਪੀਲੂ ਦੀ ਇਕ ਬਹੁਤ ਹੀ ਪ੍ਰਚਲਿਤ ਬੰਦਿਸ਼ ਵਜਾਈ, ਜਿਸਦੇ ਇੱਕ ਇੱਕ ਸੁਰ ਨੇ ਸਰੋਤਿਆਂ ਦੇ ਦਿਲਾਂ ਨੂੰ ਪਸੀਜ ਲਿਆ, ਅੱਖਾਂ ਸਾਹਮਣੇ ਲੱਗੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਅਤੇ ਰਾਗ ਪੀਲੂ ਦਾ ਬਿਰਹਾ ਰੱਸ, ਇਕ ਐਸਾ ਅਲੌਕਿਕ ਸੁਮੇਲ ਬਣਿਆ ਜਿਸਨੇ ਸਰੋਤਿਆਂ ਦੇ ਮਨਾਂ ਵਿਚ ਇਕ ਅਮਿਟ ਯਾਦ ਨੂੰ ਸੰਜੋਅ ਦਿੱਤਾ।

"ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ॥"

–ਹਰਕੀਰਤ ਸਿੰਘ

ਅੱਜ ਦਿਨਾਂਕ 10 -4-2019 ਨੂੰ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੀ ਮਾਸਿਕ ਮੀਟਿੰਗ ਸ੍ਰੀ ਲਖਵਿੰਦਰ ਸਿੰਘ ਬਾਜਵਾ ਦੀ ਪ੍ਰਧਾਨਗੀ ਹੇਠ ਸ੍ਰੀ ਮਸਤਾਨ ਗੜ੍ਹ ਵਿਖੇ ਹੋਈ ।ਜਿਸ ਵਿੱਚ ਸਾਹਿਤ ਸਭਾ ਦੇ ਵਿਸ਼ੇਸ਼ ਕਾਰਜਾਂ ਬਾਰੇ ਵਿਚਾਰ ਕੀਤਾ ਗਿਆ ।ਪੰਜਾਬੀ ਮਾਂ ਬੋਲੀ ਲਈ ਸਭਾ ਦੇ ਯੋਗਦਾਨ'ਤੇ ਚਰਚਾ ਕੀਤੀ ਗਈ ਅਤੇ ਅੱਗੋ ਵੀ ਏਸੇ ਤਰਾਂ ਮਾਂ ਬੋਲੀ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਰਹਿਣ ਦਾ ਪ੍ਰਣ ਲਿਆ ਗਿਆ ।ਮੀਟਿੰਗ ਵਿੱਚ ਪਹੁੰਚੇ ਸਾਰੇ ਸਾਹਿਤਕਾਰਾਂ ਨੇ ਵੱਖ-ਵੱਖ ਵਿਸ਼ਿਆਂ'ਤੇ ਆਪਣੀਆਂ ਰਚਨਾਵਾਂ ਦਾ ਪਾਠ ਕੀਤਾ ।ਇਸ ਮੌਕੇ'ਤੇ ਸਭਾ ਦੇ ਸਰਪ੍ਰਸਤ ਤੇ ਵਿਖਿਆਤ ਲੇਖਕ ਮਾਸਟਰ ਅਮਰੀਕ ਸਿੰਘ ਜੀ ਦੀ ਪੁਸਤਕ (ਦਰਸਨੁ ਭੇਟਤ ਹੋਤ ਨਿਹਾਲ) ਰੀਲੀਜ਼ ਕੀਤੀ ਗਈ ।ਮਾਸਟਰ ਜੀ ਦੋ ਦਰਜਨ ਪੁਸਤਕਾਂ ਦੇ ਲੇਖਕ ਹਨ ।ਜੋ ਮਹਾਂ ਭਾਰਤ ਅਤੇ ਰਮਾਇਣ ਵਰਗੇ ਵਡ ਅਕਾਰੀ ਗ੍ਰੰਥ ਵੀ ਪੰਜਾਬੀ ਮਾਂ ਬੋਲੀ ਵਿੱਚ ਲਿਖਕੇ ਸਾਹਿਤ ਦੀ ਝੋਲੀ ਪਾ ਚੁੱਕੇ ਹਨ ।ਸਤਾਸੀ ਸਾਲ ਦੀ ਉਮਰ ਵਿਚ ਵੀ ਪੂਰਨ ਸਰਗਰਮ ਹਨ ਤੇ ਵਧਾਈ ਦੇ ਪਾਤਰ ਹਨ ।ਹਰਿਆਣਾ ਸਰਕਾਰ ਵੱਲੋ ਸੰਤ ਤਰਨ ਸਿੰਘ ਵਹਿਮੀ ਅਤੇ ਹਰਿਆਣਾ ਪੰਜਾਬੀ ਗੌਰਵ ਨਾਲ ਸਨਮਾਨਿਤ ਹੋ ਚੁੱਕੇ ਹਨ ।

–ਲਖਵਿੰਦਰ ਸਿੰਘ ਬਾਜਵਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਇਲਾਕਾ ਸ੍ਰੀ ਜੀਵਨ ਨਗਰ ਦਾ ਦੌਰਾ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਰੋਸਾਈ ਹੋਈ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਕਿਰਪਾ ਦੀ ਪਾਤਰ ਹੈ ਇਲਾਕਾ ਸ੍ਰੀ ਜੀਵਨ ਨਗਰ ਦੀ ਧਰਤੀ ਇਸ ਕਰਕੇ ਹੀ ਨਾਮਧਾਰੀ ਪੰਥ ਦੇ ਰਹਿਨੁਮਾ ਅਤੇ ਗੱਦੀਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਹਮੇਸ਼ਾਂ ਇਲਾਕਾ ਸ੍ਰੀ ਜੀਵਨ ਨਗਰ ਦੀ ਸਾਧ ਸੰਗਤ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਉਚਚੇ ਤੌਰ 'ਤੇ ਦਰਸ਼ਨ ਦੇਣ ਦੀ ਕਰਪਾ ਕਰਦੇ ਹਨ। ਮਿਤੀ 21 ਅਪਰੈਲ 2019 ਮੁਤਾਬਿਕ 8 ਵੈਸਾਖ 2076 ਐਤਵਾਰ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਬਾਅਦ ਬਰਨਾਲਾ ਹੁੰਦੇ ਹੋਏ ਮਾਨਸਾ ਵਿਖੇ ਸੂਬਾ ਬਲਜੀਤ ਸਿੰਘ ਜੀ ਦੇ ਪਿਤਾ ਸ. ਜਥੇਦਾਰ ਪਿਆਰਾ ਸਿੰਘ ਬਾਜਵਾ ਦੇ ਭੋਗ 'ਤੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਥੇਦਾਰ ਪਿਆਰਾ ਸਿੰਘ ਜਿਹਨਾਂ ਨੇ ਜੀਵਨ ਵਿਚ ਰਹਿੰਦੇ ਹੋਏ ਨਾਮਧਾਰੀ ਪੰਥ ਦੇ ਪ੍ਰਚਾਰ ਲਈ ਵੱਡਾ ਯੋਗਦਾਨ ਪਾਇਆ ਸੀ। ਸ੍ਰੀ ਸਤਿਗੁਰੂ ਜੀ ਨੇ ਉਚੇਚੇ ਤੌਰ 'ਤੇ ਪਰਿਵਾਰ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਉਹਨਾਂ ਦੇ ਭੋਗ 'ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਟੇਜ ਤੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂ, ਸਰਮੁਖ ਸਿੰਘ ਅਤੇ ਸ਼ਾਮ ਸਿੰਘ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਸ਼ਬਦ ਸੀ "ਜੰਮਣੁ ਮਰਣੁ ਨ ਤਿਨ ਕਉ ਜੋ ਹਰਿ ਲੜਿ ਲਾਗੇ" ਕੀਰਤਨ ਦੀ ਸਮਾਪਤੀ ਬਾਅਦ ਸ. ਗੁਰਮੁਖ ਸਿੰਘ ਸ਼ਾਹ, ਮਾਨਸਾ ਦੇ ਐਮ. ਐਲ. ਏ. ਸ. ਨਾਜਰ ਸਿੰਘ ਮਾਨਸਾਹੀਆ, ਕਾਂਗਰਸ ਪਾਰਟੀ ਦੀ ਜ਼ਿਲ੍ਹਾ ਪ੍ਰਧਾਨ ਬੀਬੀ ਮਨੋਜ ਬਾਲਾ ਨੇ ਜ. ਪਿਆਰਾ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਸਮੇਂ ਸੂਬਾ ਹਰਜੀਤ ਸਿੰਘ ਮੁਠੱਡਾ, ਸੂਬਾ ਗੁਰਦੇਵ ਸਿੰਘ ਰਾਜਸਥਾਨ, ਸੂਬਾ ਇੰਦਰਜੀਤ ਸਿੰਘ ਮੱਲ, ਸੂਬਾ ਬਲਵਿੰਦਰ ਸਿੰਘ ਢਿੱਲਵਾਂ, ਸੂਬਾ ਸਰਬਜੀਤ ਸਿੰਘ ਮੁਕਤਸਰ, ਸੂਬਾ ਜਸਬੀਰ ਸਿੰਘ ਪੱਟੀ, ਸੂਬਾ ਸਵਿੰਦਰ ਸਿੰਘ ਫਤਿਹਗੜ ਸਾਹਿਬ, ਸੂਬਾ ਗੁਰਸੇਵ ਸਿੰਘ ਵੀ ਮੌਜੂਦ ਸਨ। ਸਟੇਜ ਤੇ ਬਹੁਤ ਹੀ ਸਤਿਕਾਰਯੋਗ ਸੰਤ ਕੌਰ ਸਿੰਘ ਧਰਮਕੋਟ ਵਾਲਿਆਂ ਨੇ ਸੰਤ ਪਿਆਰਾ ਸਿੰਘ ਨੂੰ ਸ਼ਰਧਾਂਜਲੀ ਸ਼ਬਦ ਆਖੇ। ਸੰਤ ਜਸਵੰਤ ਸਿੰਘ ਕਾਲਾ ਹਿੰਮਤਪੁਰੇ ਵਾਲੇ ਵੀ ਪਹੁੰਚੇ ਹੋਏ ਸਨ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ 11 ਪਾਠਾਂ ਦੇ ਭੋਗ ਜ. ਪਿਆਰਾ ਸਿੰਘ ਨਮਿਤ ਪਾਏ ਗਏ ਅਤੇ ਸੂਬਾ ਬਲਵਿੰਦਰ ਸਿੰਘ ਝੱਲ ਨੇ ਭੋਗ ਦੀ ਅਰਦਾਸ ਕੀਤੀ।

ਮਾਨਸਾ ਤੋਂ ਵਾਇਆ ਸਿਰਸਾ ਹੁੰਦੇ ਹੋਏ 2 ਵਜੇ ਦੇ ਕਰੀਬ ਸੰਤ ਨਗਰ ਮੰਦਰ ਵਿਚ ਦਰਸ਼ਨ ਦਿੱਤੇ। ਜਿਥੇ ਨਾਮਧਾਰੀ ਪੰਥ ਦੇ ਪ੍ਰਚਾਰਕ ਜਥੇਦਾਰ ਗੁਰਬਚਨ ਸਿੰਘ ਸੰਤ ਨਗਰ ਦਾ ਭੋਗ ਪੈਣਾ ਸੀ। ਜੋ ਪਿਛਲੇ ਦਿਨੀ ਸਵਰਗਵਾਸ ਹੋ ਗਏ ਸਨ। ਕਵੀਸ਼ਰ ਮੱਖਣ ਸਿੰਘ ਅਤੇ ਜਥੇਦਾਰ ਜਸਵਿੰਦਰ ਸਿੰਘ ਭਿੰਡਰ ਨੇ ਦੀਵਾਨ ਸਜਾਇਆ ਅਤੇ ਸ੍ਰੀ ਸਤਿਗੁਰੂ ਜੀ ਹਜ਼ੂਰੀ ਵਿਚ ਜਥੇਦਾਰ ਗੁਰਬਚਨ ਸਿੰਘ ਜੀ ਦੇ ਨਮਿਤ ਭੋਗ ਪਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਬੂਟਾ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਕੀਤੀ ਅਤੇ ਹੁਕਮ ਕੀਤਾ ਕਿ ਗੁਰਬਾਣੀ ਦਾ ਪਾਠ ਜਰੂਰ ਕਰਿਆ ਕਰੋ। ਸੰਤ ਨਗਰ ਭੋਗ ਪੈਣ ਉਪਰੰਤ ਸ੍ਰੀ ਸਤਿਗੁਰੂ ਜੀ ਜੀਵਨ ਨਗਰ ਸ. ਜਗਦੀਸ਼ ਸਿੰਘ ਐਕਸ. ਸਰਪੰਚ ਦੇ ਚੜ੍ਹਾਈ ਕਰ ਜਾਣ ਤੇ ਘਰ ਪਰਿਵਾਰ ਨੂੰ ਦਰਸ਼ਨ ਦਿੱਤੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਹੁਕਮ ਕੀਤਾ। ਇਥੇ ਹੀ ਸ. ਦੇਵ ਸਿੰਘ ਸਰਪੰਚ ਦੇ ਘਰ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਜੀਵਨ ਨਗਰ ਤੋਂ ਹੋ ਕੇ ਪ੍ਰਤਾਪ ਨਗਰ ਆਸਾ ਸਿੰਘ ਦੀ ਢਾਣੀ ਤੇ ਸ. ਵਿਰਸਾ ਸਿੰਘ ਦੀ ਧਰਮ ਪਤਨੀ ਦੇ ਚੜ੍ਹਾਈ ਕਰ ਜਾਣ'ਤੇ ਪਰਿਵਾਰ ਨੂੰ ਦਰਸ਼ਨ ਦਿੱਤੇ ਅਤੇ ਸ. ਜੀਤ ਸਿੰਘ, ਗੁਰਦੇਵ ਸਿੰਘ ਦੇ ਘਰ ਚਰਨ ਪਾਏ। ਥੋਬਰੀਆਂ ਵਿਖੇ ਸ. ਗੁਰਦੇਵ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਮਸਤਾਨਗੜ੍ਹ ਆਣ ਕੇ ਕੁਝ ਸਮਾਂ ਰੁਕਣ ਤੋਂ ਬਾਅਦ ਸ੍ਰੀ ਜੀਵਨ ਨਗਰ ਅਨਾਜ ਮੰਡੀ ਦੇ ਕੋਲ ਸ. ਬਲਵਿੰਦਰ ਸਿੰਘ ਦੇ ਘਰ ਚਰਨ ਪਾਉਣ ਤੋਂ ਬਾਅਦ ਫਾਰਮ ਵਿਚ ਗੇੜਾ ਮਾਰ ਫਸਲ ਵਾੜੀ ਨੂੰ ਦੇਖਣ ਦੀ ਕਿਰਪਾ ਕੀਤੀ। ਇਥੋਂ ਹੀ ਕਰੀਵਾਲਾ ਵਿਖੇ ਸ. ਸੁਵਰਨ ਸਿੰਘ ਵਿਰਕ ਦੀ ਸਿਹਤ ਦਾ ਪਤਾ ਲੈਣ ਲਈ ਸ੍ਰੀ ਸਤਿਗੁਰੂ ਜੀ ਕਰੀਵਾਲੇ ਸ. ਸੁਵਰਨ

Sri Satguru Jagjit Singh Ji Elibrary NamdhariElibrary@gmail.com

ਸਿੰਘ ਵਿਰਕ ਦੇ ਘਰ ਦਰਸ਼ਨ ਦਿੱਤੇ। ਕਾਫੀ ਸਮਾਂ ਵਿਰਕ ਜੀ ਨਾਲ ਗੁਰੂ-ਇਤਿਹਾਸ ਅਤੇ ਮੌਜੂਦਾ ਸਮੇਂ ਦੇ ਹਾਲਾਤਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਅਤੇ ਬਚਨ ਬਿਲਾਸ ਕੀਤੇ। ਇਥੋਂ ਵਾਪਸੀ ਤੇ ਰਸਤੇ ਵਿਚ ਪਿੰਡ ਦਮਦਮਾ ਵਿਖੇ ਸ. ਰੂਪ ਸਿੰਘ ਨੂੰ ਦਰਸ਼ਨ ਦੇ ਕੇ ਸ. ਬਲਦੇਵ ਸਿੰਘ ਅਤੇ ਹਰਦੇਵ ਸਿੰਘ ਦੇ ਘਰ ਚਰਨ ਪਾਏ। ਸੰਤ ਨਗਰ ਸੰਤ ਹਰਨੇਕ ਸਿੰਘ ਮਿਸਤਰੀ ਨੂੰ ਦਰਸ਼ਨ ਦਿੱਤੇ। ਹਨੇਰਾ ਹੋਣ ਤੱਕ ਵਾਪਸ ਮਸਤਾਨਗੜ੍ਹ ਆਣ ਵਿਸ਼ਰਾਮ ਕੀਤਾ।

22 ਅਪ੍ਰੈਲ 2019 ਮੁਤਾਬਿਕ 9 ਵੈਸਾਖ 2076 ਦਿਨ ਮੰਗਲਵਾਰ :- ਸਵੇਰੇ ਆਸਾ ਦੀ ਵਾਰ ਦਾ ਕੀਰਤਨ ਪ੍ਰਤਾਪ ਮੰਦਰ ਸੰਤ ਨਗਰ ਵਿਖੇ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁੱਲਾ ਜੀ ਦੀ ਅਗਵਾਈ ਵਿਚ ਜਥੇ ਨੇ ਕੀਤਾ। ਵਾਰ ਦੀ ਸਮਾਪਤੀ ਬਾਅਦ ਸੰਤ ਨਗਰ ਵਿਚ ਹੀ ਸ. ਨਰਾਇਣ ਸਿੰਘ ਖਾਰੇ ਵਾਲੇ ਦੇ ਘਰ ਚਰਨ ਪਾਉਣ ਉਪਰੰਤ ਉਸਦੇ ਪੋਤਰੇ ਗੁਰਨੂਰ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ. ਗੁਰਦੀਪ ਸਿੰਘ ਖਾਰੇ ਵਾਲੇ ਦੇ ਘਰ ਚਰਨ ਪਾਏ। ਇਥੋਂ ਹੀ ਸ. ਹਰਦੀਪ ਸਿੰਘ ਖਾਰੇ ਵਾਲੇ ਦੇ ਘਰ ਅਖੰਡਪਾਠ ਦੇ ਭੋਗ ਤੇ ਦਰਸ਼ਨ ਦਿੱਤੇ ਅਤੇ ਸ. ਹਰਦੀਪ ਸਿੰਘ ਦੇ ਅਰਜ ਕਰਨ ਤੇ ਸਤਿਗੁਰੂ ਜੀ ਨੇ ਨਵੇਂ ਮਕਾਨ ਬਣਾਉਣ ਲਈ ਨੀਂਹ ਰੱਖਣ ਦੀ ਵੀ ਕਿਰਪਾ ਕੀਤੀ। ਇਥੋਂ ਹੀ ਸੰਤ ਨਗਰ ਵਿਖੇ ਸੰਤ ਅਵਤਾਰ ਸਿੰਘ ਦੇ ਲੜਕੇ ਬਲਵੰਤ ਸਿੰਘ ਦੇ ਚੜ੍ਹਾਈ ਕਰ ਜਾਣ ਤੇ ਪ੍ਰੀਵਾਰ ਨੂੰ ਦਰਸ਼ਨ ਦਿੱਤੇ ਅਤੇ ਪ੍ਰੀਵਾਰ ਨੂੰ ਅਕਾਲ ਪੁਰਖ ਦੇ ਭਾਣੇ ਵਿਚ ਰਹਿਣ ਦਾ ਹੁਕਮ ਕੀਤਾ। ਹਾਕੀ ਕੋਚ ਸ. ਦੀਦਾਰ ਸਿੰਘ ਦੇ ਘਰ ਚਰਨ ਪਾਏ ਅਤੇ ਇਥੋਂ ਹੀ ਪਿੰਡ ਨਗਰਾਨਾ ਵਿਖੇ ਸ. ਕਰਨੈਲ ਸਿੰਘ ਦੇ ਘਰ ਅਖੰਡਪਾਠ ਦੇ ਭੋਗ ਤੇ ਦਰਸ਼ਨ ਦਿੱਤੇ। ਇਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਸਤਿਨਾਮ ਸਿੰਘ ਦੇ ਪੁੱਤਰ ਪਿਆਰਾ ਸਿੰਘ, ਗੁਰਨਾਮ ਸਿੰਘ ਦੇ ਪੁੱਤਰ ਗੰਗਾ ਸਿੰਘ ਤੇ ਸ. ਸਰੈਣ ਸਿੰਘ ਦੇ ਪੁੱਤਰ ਸੰਤਾ ਸਿੰਘ ਨੂੰ ਆਪਣੇ ਕਰ ਕਮਲਾਂ ਦੁਆਰਾ ਦਸਤਾਰਾਂ ਸਜਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਭੋਗ ਉਪਰੰਤ ਇਥੇ ਹੀ ਸ੍ਰੀ ਸਤਿਗੁਰੂ ਜੀ ਅਤੇ ਸਿੱਖਾਂ ਸੇਵਕਾਂ ਨੇ ਪ੍ਰਸਾਦ ਪਾਣੀ ਛਕਿਆ। ਵਾਪਸੀ ਸਮੇਂ ਸ. ਗੁਰਬਖਸ਼ ਸਿੰਘ ਰਿਖੀ ਦੇ ਘਰ ਚਰਨ ਪਾਏ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਵਾਪਸ ਮਸਤਾਨਗੜ੍ਹ ਆਣ ਕੁਝ ਸਮੇਂ ਲਈ ਰੁਕੇ ਅਤੇ ਫਿਰ ਸ੍ਰੀ ਭੈਣੀ ਸਾਹਿਬ ਲਈ ਅਰਦਾਸਾ ਕਰ ਚਾਲੇ ਪਾ ਦਿੱਤੇ। ਸ੍ਰੀ ਭੈਣੀ ਸਾਹਿਬ ਨਾਮ ਸਿਮਰਨ ਸਮੇਂ ਆਣ ਸਾਧ ਸੰਗਤ ਨੂੰ ਦਰਸ਼ਨ ਦਿੱਤੇ।

-ਸੂਬਾ ਬਲਵਿੰਦਰ ਸਿੰਘ ਝੱਲ

ਸ੍ਰੀ ਸਤਿਗੁਰੂ ਜੀ ਦੇ ਅਮਰਾਸਰ ਮਾਤਾ ਹਰਭਜਨ ਕੌਰ ਦੇ ਭੋਗ ਸਮੇਂ ਦਰਸ਼ਨ

28 ਅਪਰੈਲ 2019 ਮੁਤਾਬਿਕ 15 ਵੈਸਾਖ 2076 ਦਿਨ ਐਤਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸ. ਗੁਰਮੀਤ ਸਿੰਘ ਜੀ ਪੁੱਤਰ ਸ. ਰਛਪਾਲ ਸਿੰਘ ਅਮਰਾਸਰ ਦੀ ਅਰਜ ਨੂੰ ਪ੍ਰਵਾਨ ਕਰਦੇ ਹੋਏ ਮਾਤਾ ਹਰਭਜਨ ਕੌਰ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਮਾਤਾ ਹਰਭਜਨ ਕੌਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸੇਵਾ ਨਿਭਾਉਣ ਵਾਲੇ ਸੰਤ ਬਲਕਾਰ ਸਿੰਘ ਨਾਗੀ ਵਾਲੇ ਦੀ ਭੈਣ ਸਨ। ਜੋ ਪਿਛਲੇ ਦਿਨੀ ਸਵਰਗਵਾਸ ਹੋ ਗਏ ਸਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪ੍ਰੀਵਾਰ ਦੀ ਅਰਜ ਬੇਨਤੀ ਪ੍ਰਵਾਨ ਕਰਦੇ ਹੋਏ ਉਚੇਚਾ ਸਮਾਂ ਕੱਢ ਕੇ ਭੋਗ ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂ ਅਤੇ ਸ਼ਾਮ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ। ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕ੍ਰਿਪਾ ਕੀਤੀ ਕਿ ਕਿਸ ਤਰ੍ਹਾਂ ਮਾਤਾ ਹਰਭਜਨ ਕੌਰ ਨੇ ਆਪਣੇ ਪੂਰੇ ਪਰਿਵਾਰ ਨੂੰ ਅਤੇ ਅੱਗੇ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜ ਕੇ ਰੱਖਿਆ ਹੈ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਪਾਇਆ ਗਿਆ ਅਤੇ ਅਰਦਾਸ ਕੀਤੀ ਗਈ।

-ਰੀਪੋਰਟ

ਸੂਬਾ ਬਲਵਿੰਦਰ ਸਿੰਘ ਝੱਲ

Sri Satguru Jagjit Singh Ji Elibrary NamdhariElibrary@gmail.com

19-3-2003
ਸ੍ਰੀ ਭੈਣੀ ਸਾਹਿਬ - ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪ੍ਰੋ. ਕਿਰਪਾਲ ਸਿੰਘ ਜੀ ਕਸੇਲ ਜੀ ਭਾਸ਼ਨ ਦੇ ਰਹੇ ਹਨ।

24 ਜੂਨ 2017
ਸ੍ਰੀ ਭੈਣੀ ਸਾਹਿਬ- ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੱਲੋਂ 'ਤਵਾਰੀਖ ਸੰਤ ਖਾਲਸਾ ਭਾਗ - 3' ਰਿਲੀਜ ਕਰਨ ਸਮੇਂ ਪ੍ਰੋ. ਕਸੇਲ ਜੀ ਭਾਸ਼ਨ ਦੇ ਰਹੇ ਹਨ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਪ੍ਰੋ.ਕਿਰਪਾਲ ਸਿੰਘ ਕਸੇਲ ਜੀ 'ਤਵਾਰੀਖ ਸੰਤ ਖਾਲਸਾ ਭਾਗ-3' ਭੇਂਟ ਕਰਦੇ ਹੋਏ।

Sri Satguru Jagjit Singh Ji Elibrary

Date of Publication: 29-5-2019,
Date of Posting: 30-31 May 2019

RNI NO. 55658/93 Delhi Postal Regd. No. DL(W) 01/2055/18-20

19 ਮਾਰਚ 2003 ਸ੍ਰੀ ਭੈਣੀ ਸਾਹਿਬ 'ਪ੍ਰੋ. ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ' ਰਿਲੀਜ ਸਮਾਰੋਹ ਸਮੇਂ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਪੰਜਾਬੀ ਦੇ ਪ੍ਰਮੁੱਖ ਸਾਹਿਤਕਾਰ।

24 ਜੂਨ 2017 ਸ੍ਰੀ ਭੈਣੀ ਸਾਹਿਬ 'ਤਵਾਰੀਖ ਸੰਤ ਖਾਲਸਾ ਭਾਗ-3' ਰਿਲੀਜ ਸਮਾਰੋਹ ਸਮੇਂ- ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਸ਼ੁਕਰਾਨਾ ਕਰਦੇ ਕਸੇਲ ਜੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.

Sri Satguru Jagjit Singh Ji Elibrary NamdhariElibrary@gmail.com